## ਪਾਠ–1
## ਰਾਜਨੀਤਿਕ ਪ੍ਰਣਾਲੀ: ਅਰਥ, ਵਿਸ਼ੇਸ਼ਤਾਵਾਂ ਅਤੇ ਕਾਰਜ, ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿੱਚ ਅੰਤਰ

**ਬਹੁ–ਵਿਕਲਪੀ ਪ੍ਰਸ਼ਨ :–**

1. ਕਿਹੜੀ ਵਿਸ਼ੇਸਤਾ ਰਾਜਨੀਤਕ ਪ੍ਰਣਾਲੀ ਦੀ ਹੈ।
   (ੳ) ਮਨੁੱਖੀ ਸਬੰਧਾਂ ਦਾ ਨਮੂਨਾ (ਅ) ਉਚਿੱਤ ਸਰੀਰਕ ਦਬਾਓ ਸ਼ਕਤੀ
   (ੲ) ਢਾਂਚਿਆਂ ਦੀ ਸਰਵ ਵਿਆਪਕਤਾ (ਸ) ਉਪਰੋਕਤ ਸਾਰੇ
   ਉੱਤਰ : (ਸ) ਉਪਰੋਕਤ ਸਾਰੇ
2. ਫੀਡ ਬੈਕ ਲੂਪ ਵਿਵਸਥਾ ਪ੍ਰਣਾਲੀ ਦਾ ਜਨਮ ਦਾਤਾ ਕੌਣ ਹੈ?
   (ੳ) ਡੇਵਿਡ ਈਸਟਨ (ਅ) ਆਲਮੰਡ ਅਤੇ ਪਾਵੇਲ
   (ੲ) ਰਾਬਰਟ ਏ. ਡਾਹਲ (ਸ) ਜੇ. ਸੀ. ਪਲੈਨੋ
   ਉੱਤਰ : ਡੇਵਿਡ ਈਸਟਨ
3. ਕਾਨੂੰਨ ਅਨੁਸਾਰ ਦੰਡ ਦੇਣ ਦੀ ਸ਼ਕਤੀ ਕਿਹੜੀ ਪ੍ਰਣਾਲੀ ਕੋਲ ਹੁੰਦੀ ਹੈ?
   (ੳ) ਧਾਰਮਿਕ ਪ੍ਰਣਾਲੀ (ਅ) ਆਰਥਿਕ ਪ੍ਰਣਾਲੀ
   (ੲ) ਰਾਜਨੀਤਿਕ ਪ੍ਰਣਾਲੀ (ਸ) ਉਪਰੋਕਤ ਵਿੱਚੋਂ ਕਿਸੇ ਕੋਲ ਨਹੀਂ ਹੈ
   ਉੱਤਰ : (ੲ) ਰਾਜਨੀਤਿਕ ਪ੍ਰਣਾਲੀ

**ਖਾਲੀ ਥਾਵਾਂ ਭਰੋ : –**

1. ਰਾਜਨੀਤਿਕ ਦਲ .............. ਦੀ ਜਿੰਦ–ਜਾਨ ਹੁੰਦੇ ਹਨ।
   ਉੱਤਰ : ਲੋਕਤੰਤਰ
2. ਡੇਵਿਡ ਈਸਟਨ ਨੇ ਰਾਜਨੀਤਿਕ ਪ੍ਰਣਾਲੀ ਦੇ ਕੰਮ................ ਪ੍ਰਕਾਰ ਦੇ ਦੱਸੇ ਹਨ।
   ਉੱਤਰ : ਦੋ
3. ................ ਨਾਮ ਦੀ ਪੁਸਤਕ 1953 ਵਿੱਚ ਪ੍ਰਕਾਸ਼ਤ ਹੋਈ ਸੀ।
   ਉੱਤਰ : Political System

**ਸਹੀ ਮਿਲਾਣ ਕਰੋ :**

1. ਡੇਵਿਡ ਈਸਟਨ ⟶ ਫੀਡ ਬੈਕ ਲੂਪ ਵਿਵਸਥਾ
2. ਰਾਜਨੀਤਕ ਪ੍ਰਣਾਲੀ ਦਾ ਜਨਮ ਦਾਤਾ ⟶ ਡੇਵਿਡ ਈਸਟਨ

**ਠੀਕ/ਗਲਤ ਦੱਸੋ :**

1. ਰਾਜਨੀਤਕ ਸਭਿਆਚਾਰਕ ਦੇ ਪੱਖ ਤੋਂ ਰਾਜਨੀਤਕ ਪ੍ਰਣਾਲੀ ਮਿਸ਼ਰਤ ਸਰੂਪ ਹੁੰਦੀ ਹੈ। (✓)
2. ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਪਾਲਿਕਾ ਅਤੇ ਨੌਕਰਸ਼ਾਹੀ ਰਾਜਨੀਤਿਕ ਪ੍ਰਣਾਲੀ ਦੇ ਰਸਮੀ ਢਾਂਚੇ ਹਨ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ1. ਪ੍ਰਣਾਲੀ ਸ਼ਬਦ ਦਾ ਅਰਥ ਸਪਸ਼ਟ ਕਰੋ।
ਉੱਤਰ : ਪ੍ਰਣਾਲੀ ਸ਼ਬਦ ਦਾ ਪ੍ਰਯੋਗ ਅੰਤਰ ਕਿਰਿਆਵਾਂ ਦੇ ਸਮੂਹ ਦਾ ਸੰਕੇਤ ਕਰਨ ਲਈ ਕੀਤਾ ਜਾਂਦਾ ਹੈ।
ਪ੍ਰਸ਼ਨ 2.ਰਾਜਨੀਤਕ ਪ੍ਰਣਾਲੀ ਦੀ ਕੋਈ ਇੱਕ ਪ੍ਰੀਭਾਸ਼ਾ ਲਿਖੋ।
ਉੱਤਰ :ਡੇਵਿਡ ਈਸਟਨ ਦਾ ਕਹਿਣਾ ਹੈ, "ਰਾਜਨੀਤਕ ਪ੍ਰਣਾਲੀ ਅੰਤਰ ਕਿਰਿਆਵਾਂ ਦਾ ਸਮੂਹ ਹੈ ਜਿਸਨੂੰ ਸਮਾਜਿਕ ਸਮਗਰਤਾ ਵਿੱਚੋਂ ਕੱਢਿਆ ਗਿਆ ਹੈ ਜਿਸ ਰਾਹੀਂ ਸਮਾਜ ਲਈ ਸੱਤਾਤਮਕ ਮੁੱਲ ਨਿਰਧਾਰਤ ਕੀਤੇ ਜਾਂਦੇ ਹਨ।"

ਪ੍ਰਸ਼ਨ 3.ਰਾਜਨੀਤਕ ਪ੍ਰਣਾਲੀ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।
ਉੱਤਰ : 1. ਰਾਜਨੀਤਕ ਪ੍ਰਣਾਲੀ ਦਾ ਸਰਵ-ਵਿਆਪਕਤਾ
2. ਉਪ-ਪ੍ਰਣਾਲੀਆਂ ਦੀ ਹੋਂਦ
ਪ੍ਰਸ਼ਨ 4.ਡੇਵਿਡ ਈਸਟਨ ਕਿਹੜੇ ਦੇਸ਼ ਦਾ ਵਿਦਵਾਨ ਸੀ?
ਉੱਤਰ : ਸੰਯੁਕਤ ਰਾਜ ਅਮਰੀਕਾ

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**
ਪ੍ਰਸ਼ਨ:-1.ਰਾਜਨੀਤਕ ਪ੍ਰਣਾਲੀ ਦੇ ਕੰਮਾਂ ਦਾ ਵਰਣਨ ਕਰੋ।
ਪ੍ਰਸ਼ਨ:-2.ਰਾਜਨੀਤਕ ਪ੍ਰਣਾਲੀ ਦੀਆਂ ਚਾਰ ਵਿਸ਼ੇਸਤਾ ਲਿਖੋ।
ਪ੍ਰਸ਼ਨ:-3. ਫੀਡ ਬੈਕ ਲੂਪ ਵਿਵਸਥਾ ਕਿਸ ਨੂੰ ਕਿਹਾ ਜਾਂਦਾ ਹੈ।

## ਪਾਠ-2
## ਤੁਲਨਾਤਮਕ ਰਾਜਨੀਤੀ: ਅਰਥ ਅਤੇ ਸਰੂਪ

**ਬਹੁ-ਵਿਕਲਪੀ ਪ੍ਰਸ਼ਨ :-**

ਪ੍ਰਸ਼ਨ1. ਤੁਲਨਾਤਮਕ ਰਾਜਨੀਤੀ ਦੀ ਵੱਡੀ ਕਮਜ਼ੋਰੀ ਹੈ।

(ੳ) ਤੁਲਨਾਤਮਕ ਅਧਿਐਨ ਦੇ ਉਦੇਸ਼ ਸੰਬੰਧੀ (ਅ) ਤੁਲਨਾਤਮਕ ਅਧਿਐਨ ਦੀਆਂ ਵਿਧੀਆਂ ਸੰਬੰਧੀ

(ੲ) ਸ਼ਾਂਝੀ ਸ਼ਬਦਾਵਲੀ ਦੇ ਅਰਥਾਂ ਸੰਬੰਧੀ (ਸ) ਲੋਕਤੰਤਰੀ ਰਾਜਨੀਤਕ ਪ੍ਰਣਾਲੀਆਂ ਤੇ ਤਾਨਾਸ਼ਾਹੀ ਰਾਜਨੀਤਕ ਪ੍ਰਣਾਲੀਆਂ ਦੇ ਅਧਿਐਨ ਤੇ

ਉੱਤਰ : (ੲ) ਸਾਂਝੀ ਸ਼ਬਦਾਵਲੀ ਦੇ ਅਰਥਾਂ ਸੰਬੰਧੀ।

ਪ੍ਰਸ਼ਨ 2.ਤੁਲਨਾਤਮਕ ਰਾਜਨੀਤੀ ਇੱਕ ਸ਼ਾਖਾ ਹੈ।

(ੳ) ਰਾਜ ਦੀ (ਅ) ਸਰਕਾਰ ਦੀ

(ੲ) ਪ੍ਰੰਪਰਾਵਾਦੀ ਰਾਜਨੀਤਕ ਵਿਗਿਆਨ (ਸ) ਆਧੁਨਿਕ ਰਾਜਨੀਤੀ ਵਿਗਿਆਨ ਦੀ

ਉੱਤਰ : (ਸ) ਆਧੁਨਿਕ ਰਾਜਨੀਤੀ ਵਿਗਿਆਨ ਦੀ

ਪ੍ਰਸ਼ਨ 3.ਤੁਲਨਾਤਮਕ ਰਾਜਨੀਤੀ ਵਿਸ਼ੇਸ਼ ਕਰਕੇ ਜ਼ੋਰ ਦਿੰਦੀ ਹੈ।

(ੳ) ਵਿਕਾਸਸ਼ੀਲ ਦੇਸ਼ਾਂ ਦੀਆਂ ਰਾਜਨੀਤਕ ਪ੍ਰਣਾਲੀਆਂ ਦੇ ਤੁਲਨਾਤਮਕ ਅਧਿਐਨ ਤੇ

(ਅ) ਰਾਜਨੀਤਕ ਸਮੱਗਰੀ ਦੇ ਸਿਧਾਂਤਕ ਅਧਿਐਨ ਤੇ

(ੲ) ਰਾਜਨੀਤਕ ਪ੍ਰਣਾਲੀ ਦੇ ਕਿਸੇ ਵਿਸ਼ੇਸ਼ ਪੱਖ ਦੇ ਤੁਲਨਾਤਮਕ ਅਧਿਐਨ ਤੇ

(ਸ) ਵਿਕਸਤ ਦੇਸਾਂ ਦੀਆਂ ਰਾਜਨੀਤਕ ਪ੍ਰਣਾਲੀਆਂ ਦੇ ਤੁਲਨਾਤਕ ਅਧਿਐਨ ਤੇ

ਉੱਤਰ : (ੳ) ਵਿਕਾਸਸ਼ੀਲ ਦੇਸਾਂ ਦੀਆਂ ਰਾਜਨੀਤਕ ਪ੍ਰਣਾਲੀਆਂ ਦੇ ਤੁਲਨਾਤਮਕ ਅਧਿਐਨ ਤੇ

**ਖਾਲੀ ਥਾਵਾਂ ਭਰੋ : -**

ਪ੍ਰਸ਼ਨ 1.ਤੁਲਨਾਤਮਕ ਰਾਜਨੀਤੀ ---------------ਦੀ ਸ਼ਾਖਾ ਹੈ।

ਉੱਤਰ : ਆਧੁਨਿਕ ਰਾਜਨੀਤੀ ਵਿਗਿਆਨ।

ਪ੍ਰਸ਼ਨ 2 ਤੁਲਨਾਤਮਕ ਰਾਜਨੀਤੀ ਦਾ ਅਧਿਐਨ ________ ਮੰਨਿਆ ਜਾਂਦਾ ਹੈ।

ਉੱਤਰ : ਕਦਰਾਂ-ਕੀਮਤਾਂ ਮੁਕਤ ਅਧਿਐਨ

ਪ੍ਰਸ਼ਨ 3.ਤੁਲਨਾਤਮਕ ਰਾਜਨੀਤੀ ਅਤੇ________ਦੋ ਵੱਖ ਵੱਖ ਧਾਰਨਾਵਾਂ ਹਨ।

ਉੱਤਰ : ਤੁਲਨਾਤਮਕ ਸਰਕਾਰੋ

**ਸਹੀ ਮਿਲਾਨ ਕਰੋ :**

| | | | |
|---|---|---|---|
| 1. | ੳ. | ਤੁਲਨਾਤਮਕ ਰਾਜਨੀਤੀ ਇੱਕ ਸ਼ਾਖਾ ਹੈ | ਅ. ਸਿਧਾਂਤ ਨਿਰਮਾਣ ਦੀ ਖੋਜ |
| | ਅ. | ਤੁਲਨਾਤਮਕ ਰਾਜਨੀਤੀ ਦਾ ਮੁੱਖ ਉਦੇਸ਼ | ੳ. ਆਧੁਨਿਕ ਰਾਜਨੀਤੀ ਵਿਗਿਆਨ ਦੀ |
| 2. | ੳ. | ਤੁਲਨਾਤਮਕ ਰਾਜਨੀਤੀ ਦੀ ਵਿਸ਼ੇਸ਼ਤਾ | ੳ. ਵਿਕਾਸਸ਼ੀਲ ਸਮਾਜਾਂ ਦੇ ਅਧਿਐਨ ਤੇ ਜ਼ੋਰ |
| | ਅ. | ਤੁਲਨਾਤਮਕ ਰਾਜਨੀਤੀ ਦਾ ਖੇਤਰ | ਅ. ਸਰਕਾਰੀ ਅਤੇ ਗੈਰ ਸਰਕਾਰੀ ਗਤੀਵਿਧੀਆਂ ਦਾ ਅਧਿਐਨ |
| 3. | ੳ. | ਤੁਲਨਾਤਮਕ ਪ੍ਰਣਾਲੀ ਦੀ ਉਪਯੋਗਤਾ | ਅ. ਮਨੁੱਖ ਗਤੀਸ਼ੀਲ ਪ੍ਰਾਣੀ ਹੈ |
| | ਅ. | ਤੁਲਨਾਤਮਕ ਰਾਜਨੀਤਿਕ ਪ੍ਰਣਾਲੀ ਦੀ ਮੁਸ਼ਕਿਲ | ੳ. ਸਮੁੱਚਾ ਅਧਿਐਨ |

**ਸਹੀ/ਗਲਤ (✓/×)**

1. ਤੁਲਨਾਤਮਕ ਰਾਜਨੀਤੀ ਇੱਕ ਸਿਧਾਂਤਕ ਅਤੇ ਸੰਸਥਾਤਮਿਕ ਅਧਿਐਨ ਹੈ। (×)
2. ਤੁਲਨਾਤਮਕ ਰਾਜਨੀਤੀ ਦੇ ਅਧਿਐਨ ਲਈ ਇਹ ਜ਼ਰੂਰੀ ਹੈ ਕਿ ਅਧਿਐਨ ਅਧੀਨ ਸੰਸਥਾਵਾਂ ਜਾਂ ਪ੍ਰਣਾਲੀਆਂ ਵਿੱਚ ਕਾਫੀ ਜ਼ਿਆਦਾ ਸਮਾਨਤਾਵਾਂ ਹੋਣ। (✓)
3. ਤੁਲਨਾਤਮਕ ਰਾਜਨੀਤੀ ਵਿੱਚ ਅੰਤਰ-ਅਨੁਸ਼ਾਸਨੀ ਅਧਿਐਨ ਦਾ ਬਹੁਤ ਮਹੱਤਵਪੂਰਨ ਸਥਾਨ ਹੈ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

ਪ੍ਰਸ਼ਨ 1.ਤੁਲਨਾਤਮਕ ਰਾਜਨੀਤੀ ਕਿਹੜੇ ਰਾਜਨੀਤਿਕ ਵਿਗਿਆਨ ਦੀ ਸ਼ਾਖਾ ਹੈ?

ਉੱਤਰ : ਆਧੁਨਿਕ ਰਾਜਨੀਤੀ ਵਿਗਿਆਨ ਦੀ।

ਪ੍ਰਸ਼ਨ 2.ਤੁਲਨਾਤਮਕ ਰਾਜਨੀਤੀ ਪ੍ਰਣਾਲੀ ਤੋਂ ਤੁਸੀਂ ਕੀ ਸਮਝਦੇ ਹੋ?

ਉੱਤਰ : ਤੁਲਨਾਤਮਕ ਰਾਜਨੀਤੀ ਤੋਂ ਭਾਵ ਰਾਜਨੀਤਿਕ ਸੰਸਥਾਵਾਂ ਦੇ ਤੁਲਨਾਤਮਕ ਅਧਿਐਨ ਤੋਂ ਹੈ।

ਪ੍ਰਸ਼ਨ 3.ਤੁਲਨਾਤਮਕ ਰਾਜਨੀਤੀ ਦੇ ਕੋਈ ਇੱਕ ਅਧਿਐਨ ਖੇਤਰ ਦਾ ਨਾਂ ਲਿਖੋ?

ਉੱਤਰ : ਕਈ ਕਿਉਂਆਂ ਦਾ ਅਧਿਐਨ (Study of Many whys)

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1.ਤੁਲਨਾਤਮਕ ਰਾਜਨੀਤੀ ਦੇ ਅਧਿਐਨ ਦੀਆਂ ਕੋਈ ਦੋ ਸਮੱਸਿਆਵਾਂ ਲਿਖੋ।

ਪ੍ਰਸ਼ਨ2. ਤੁਲਨਾਤਮਕ ਰਾਜਨੀਤੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ 3.ਤੁਲਨਾਤਮਕ ਰਾਜਨੀਤੀ ਦੀ ਕੋਈ ਇੱਕ ਪ੍ਰੀਭਾਸ਼ਾ ਲਿਖੋ।

## ਪਾਠ-3
## ਰਾਜਨੀਤਿਕ ਸਭਿਆਚਾਰ

**ਬਹੁ-ਵਿਕਲਪੀ ਪ੍ਰਸ਼ਨ :-**

ਪ੍ਰਸ਼ਨ 1.ਰਾਜਨੀਤਿਕ ਸੱਭਿਆਚਾਰ ਦੀਆਂ ਕਿਸਮਾਂ ਸਬੰਧੀ ਹੇਠ ਲਿਖਿਆਂ ਕਥਨਾਂ ਵਿੱਚੋਂ ਕਿਹੜਾ ਸਹੀ ਨਹੀਂ?

(ੳ) ਸੰਕੀਰਣ ਰਾਜਨੀਤਿਕ ਸੱਭਿਆਚਾਰ (ਅ) ਸਹਿਭਾਗੀ ਰਾਜਨੀਤਿਕ ਸੱਭਿਆਚਾਰ

(ੲ) ਪਰਜਾ-ਮੁਲਕ ਰਾਜਨੀਤਿਕ ਸੱਭਿਆਚਾਰ (ਸ) ਧਾਰਮਿਕ ਸੱਭਿਆਚਾਰ

ਉੱਤਰ : (ਸ) ਧਾਰਮਿਕ ਸੱਭਿਆਚਾਰ

ਪ੍ਰਸ਼ਨ 2.ਕਿਹੜਾ ਤੱਥ ਰਾਜਨੀਤਿਕ ਸੱਭਿਆਚਾਰ ਦਾ ਮਹੱਤਵਪੂਰਨ ਪੱਖ ਹੈ।

(ੳ) ਨੈਤਿਕ ਕਦਰਾਂ ਕੀਮਤਾਂ (ਅ) ਰਾਜਨੀਤਿਕ ਵਿਸ਼ਵਾਸ

(ੲ) ਧਾਰਮਿਕ ਵਿਸ਼ਵਾਸ (ਸ) ਵਿਅਕਤੀਗਤ ਦ੍ਰਿਸ਼ਟੀਕੋਣ

ਉੱਤਰ : (ਅ) ਰਾਜਨੀਤਿਕ ਵਿਸ਼ਵਾਸ

ਪ੍ਰਸ਼ਨ 3.ਰਾਜਨੀਤਿਕ ਸੱਭਿਆਚਾਰ ਵਿੱਚ ਕੀ ਕੀ ਸ਼ਾਮਿਲ ਹੈ?

(ੳ) ਵਪਾਰਕ ਸੰਘ ਅਤੇ ਕਿਰਤੀ ਸੰਘ

(ਅ) ਰਾਜਨੀਤਿਕ ਦਲ ਅਤੇ ਦਬਾਅ ਸਮੂਹ

(ੲ) ਰਾਜਨੀਤਿਕ ਸੰਸਥਾਵਾਂ ਅਤੇ ਰਾਜਨੀਤਿਕ ਵਿਚਾਰਧਾਰਾਵਾਂ

(ਸ) ਰਾਜਨੀਤਿਕ ਵਿਸ਼ਵਾਸ ਅਤੇ ਰਾਜਨੀਤਿਕ ਕਦਰਾਂ-ਕੀਮਤਾਂ

ਉੱਤਰ : (ਸ) ਰਾਜਨੀਤਿਕ ਵਿਸ਼ਵਾਸ ਅਤੇ ਰਾਜਨੀਤਿਕ ਕਦਰਾਂ-ਕੀਮਤਾਂ

ਪ੍ਰਸ਼ਨ 4.ਰਾਜਨੀਤਿਕ ਸੱਭਿਆਚਾਰ ਦੇ ਸ਼ਬਦ ਸਭ ਤੋਂ ਪਹਿਲਾਂ ਕਿਸ ਨੇ ਵਰਤੇ ਸਨ?

(ੳ) ਗੈਬਰੀਲ ਆਲਮੰਡ (ਅ) ਚਾਰਲਸ ਮੇਰੀਅਮ

(ੲ) ਗ੍ਰਾਹਮ ਵਾਲਾਸ (ਸ) ਜਾਨ ਸਟੂਅਰਟ ਮਿਲ

ਉੱਤਰ : (ੳ) ਗੈਬਰੀਲ ਆਲਮੰਡ

**ਸਹੀ ਮਿਲਾਨ ਕਰੋ:-**

| | | |
|---|---|---|
| ਪ੍ਰਸ਼ਨ 1.ੳ. | ਰਾਜਨੀਤਿਕ ਸੱਭਿਆਚਾਰ ਦੇ ਤੱਤ | ਅ. ਅੰਤਰਮੁਖੀ ਧਾਰਨਾ |
| ਅ. | ਰਾਜਨੀਤਿਕ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ | ੳ. ਭਾਵਨਾਤਮਕ ਆਚਰਣ |
| ਪ੍ਰਸ਼ਨ 2.ੳ. | ਰਾਜਨੀਤਿਕ ਸੱਭਿਆਚਾਰ ਦੀ ਕਿਸਮ → | ੳ. ਪਰਜਾ ਮੂਲਕ ਰਾਜਨੀਤਿਕ ਸੱਭਿਆਚਾਰ |
| ਅ. | ਰਾਜਨੀਤਿਕ ਸੱਭਿਆਚਾਰ ਦਾ ਤੱਤ → | ਅ. ਰਾਜਨੀਤਿਕ ਵਿਸ਼ਵਾਸ |
| ਪ੍ਰਸ਼ਨ 3.ੳ. | ਰਾਜਨੀਤਿਕ ਸੱਭਿਆਚਾਰ ਦੇ ਨਿਰਮਾਣ ਵਿੱਚ ਸਹਾਇਕ ਤੱਥ | ਅ. ਰਾਜਨੀਤਿਕ ਕਦਰਾਂ-ਕੀਮਤਾਂ |
| ਅ. | ਰਾਜਨੀਤਿਕ ਸੱਭਿਆਚਾਰ ਦੇ ਤੱਤ | ੳ. ਇਤਿਹਾਸਿਕ ਤੱਥ |

**ਖਾਲੀ ਥਾਵਾਂ ਭਰੋ : -**

ਪ੍ਰਸ਼ਨ 1.ਰਾਜਨੀਤਿਕ ਸੱਭਿਆਚਾਰ ਸਮੁੱਚੇ ਦੇਸ਼ ਵਿੱਚ ________ ਨਹੀਂ ਹੋ ਸਕਦਾ ਹੈ।

ਉੱਤਰ : ਇੱਕੋ ਜਿਹਾ

ਪ੍ਰਸ਼ਨ 2 ਰਾਜਨੀਤਿਕ ਸੱਭਿਆਚਾਰ ਸਬੰਧੀ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਹੋਈ ਪੁਸਤਕ ਦਾ ਨਾਂ________ ਸੀ।

ਉੱਤਰ : Civil Culture

ਪ੍ਰਸ਼ਨ 3. ਸਿਵਲ ਕਲਚਰ ਨਾਂ ਦੀ ਪੁਸਤਕ ................ ਨੇ ਲਿਖੀ।

ਉੱਤਰ : ਸੀਡਨੀ ਵਰਬਾ ਤੇ ਜੀ. ਏ ਆਲਮੰਡ

ਪ੍ਰਸ਼ਨ 4.ਰਾਜਨੀਤਿਕ ਸੱਭਿਆਚਾਰ ਰਾਜਨੀਤਿਕ ਵਿਸ਼ਵਾਸਾਂ, ਰਾਜਨੀਤਿਕ ਕਦਰਾਂ-ਕੀਮਤਾਂ ਅਤੇ ਦ੍ਰਿਸ਼ਟੀਕੋਣ ਦਾ ________ ਨਾਮ ਹੈ।

ਉੱਤਰ : ਸਮੂਹਿਕ

ਸਹੀ/ਗਲਤ (✓/×)

1. ਰਾਜਨੀਤਿਕ ਸੱਭਿਆਚਾਰ ਦੀ ਧਾਰਨਾ ਮੁੱਖ ਰੂਪ ਵਿੱਚ ਬਾਹਰ-ਮੁਖੀ ਸਰੂਪ ਦੀ ਧਾਰਨਾ ਹੈ। (×)
2. ਰਾਜਨੀਤਿਕ ਸੱਭਿਆਚਾਰ ਦਾ ਅਰਥ ਭਾਸ਼ਾ, ਲਿਪੀਅਤੇ ਸੱਭਿਆਚਾਰ ਦਾ ਸਾਂਝਾ ਹੋਣਾ ਹੈ। (×)
3. ਆਧੁਨਿਕ ਰਾਜਨੀਤੀ ਵਿਗਿਆਨੀ ਰਾਜਨੀਤਿਕ ਸੱਭਿਆਚਾਰ ਦੀ ਧਾਰਨਾ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਹਨ। (×)
4. ਪਰੰਪਰਾਗਤ ਰਾਜਨੀਤੀ ਸ਼ਾਸਤਰ ਦੇ ਸਾਹਿਤ ਵਿੱਚ ਰਾਜਨੀਤਿਕ ਸੱਭਿਆਚਾਰ ਦੀ ਧਾਰਨਾ ਦਾ ਕੋਈ ਵਿਸ਼ੇਸ਼ ਸਥਾਨ ਨਹੀਂ ਸੀ। (✓)
5. ਰਾਜਨੀਤਿਕ ਸੱਭਿਆਚਾਰ ਦੇ ਸ਼ਬਦਾਂ ਦਾ ਵਰਣਨ 1956 ਵਿੱਚ ਗੈਬਰੀਲ ਆਲਮੰਡ ਨੇ ਪਹਿਲੀ ਵਾਰ ਕੀਤਾ ਸੀ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

ਪ੍ਰਸ਼ਨ 1.ਕਿਸ ਤਰ੍ਹਾਂ ਦੇ ਤੱਥ ਰਾਜਨੀਤਿਕ ਸੱਭਿਆਚਾਰ ਦੇ ਮੁੱਢਲੇ ਅਧਾਰ ਮੰਨੇ ਜਾਂਦੇ ਹਨ?

ਉੱਤਰ : (i) ਇਤਿਹਾਸਕ ਤੱਥ
(ii) ਭੂਗੋਲਿਕ ਤੱਥ
(iii) ਸਮਾਜਿਕ-ਆਰਥਿਕ ਤੱਥ

ਪ੍ਰਸ਼ਨ 2.ਰਾਜਨੀਤਿਕ ਸੱਭਿਆਚਾਰ ਦੇ ਮੁੱਖ ਅੰਗ ਦੱਸੋ ?

ਉੱਤਰ : (i) ਗਿਆਨਾਤਮਿਕ ਆਚਰਨ
(ii) ਪ੍ਰਭਾਵਾਤਮਿਕ ਆਚਰਨ
(iii) ਮੁਲਾਂਕਣਕਾਰੀ ਆਚਰਨ

ਪ੍ਰਸ਼ਨ 3.ਰਾਜਨੀਤਿਕ ਸੱਭਿਆਚਾਰ ਸੰਬੰਧੀ ਪਹਿਲੀ ਪੁਸਤਕ ਕਿਸਨੇ ਲਿਖੀ?

ਉੱਤਰ : ਸਿਡਨੀ ਵਰਬਾ ਅਤੇ ਆਲਮੰਡ ਨੇ।

ਪ੍ਰਸ਼ਨ 4.ਸਿਵਿਕ ਕਲਚਰ ਨਾਮ ਦੀ ਪੁਸਤਕ ਕਦੋਂ ਪ੍ਰਕਾਸ਼ਿਤ ਹੋਈ?

ਉੱਤਰ : 1963

ਪ੍ਰਸ਼ਨ 5.ਰਾਜਨੀਤਿਕ ਸੱਭਿਆਚਾਰ ਦਾ ਨਿਰਪੇਖੀਕਰਨ ਕੀ ਪ੍ਰਗਟਾਉਂਦਾ ਹੈ?

ਉੱਤਰ : ਲੋਕਾਂ ਦੀ ਤਰਕਸ਼ੀਲਤਾ ਅਤੇ ਸੰਰਚਨਾਤਮਕ ਵਿਭਿੰਨਤਾਵਾਂ ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1.ਕਿਸ ਤਰ੍ਹਾਂ ਦੇ ਤੱਥ ਰਾਜਨੀਤਿਕ ਸੱਭਿਆਚਾਰ ਦੇ ਮੁੱਢਲੇ ਅਧਾਰ ਮੰਨੇ ਜਾਂਦੇ ਹਨ?

ਪ੍ਰਸ਼ਨ 2 ਰਾਜਨੀਤਿਕ ਸੱਭਿਆਚਾਰ ਦੀਆਂ ਤਿੰਨ ਵਿਸ਼ੇਸਤਾਵਾਂ ਲਿਖੋ।

ਪ੍ਰਸ਼ਨ 3.ਰਾਜਨੀਤਿਕ ਸੱਭਿਆਚਾਰ ਦਾ ਅੰਗ ਗਿਆਨ ਆਤਮਕ ਆਚਰਣ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 4.ਰਾਜਨੀਤਿਕ ਸੱਭਿਆਚਾਰ ਦੇ ਅੰਗ ਭਾਵਾਤਮਕ ਆਚਰਨ ਤੋਂ ਕੀ ਭਾਵ ਹੈ?

ਪ੍ਰਸ਼ਨ 5.ਰਾਜਨੀਤਿਕ ਸੱਭਿਆਚਾਰ ਦੇ ਅੰਗ ਮੁਲਾਂਕਣ ਆਚਰਣ ਤੋਂ ਕੀ ਸਮਝਦੇ ਹੋ?

## ਪਾਠ-4
## ਰਾਜਨੀਤਿਕ ਸਮਾਜੀਕਰਨ-ਅਰਥ ਅਤੇ ਏਜੰਟ

**ਬਹੁ-ਵਿਕਲਪੀ ਪ੍ਰਸ਼ਨ :-**

1. ਰਾਜਨੀਤਿਕ ਸਮਾਜੀਕਰਨ ਦੇ ਸਾਧਨਾਂ ਸਬੰਧੀ ਹੇਠ ਲਿਖਿਆਂ ਵਿੱਚੋਂ ਕਿਹੜਾ ਉੱਤਰ ਸਹੀ ਹੈ?

(ੳ) ਵਿਦਿਅਕ ਸੰਸਥਾਵਾਂ (ਅ) ਪਰਿਵਾਰ

(ੲ) ਸਮਾਨ ਸਥਿਤੀ ਵਾਲੇ ਸਮੂਹ (ਸ) ਉਪਰੋਕਤ ਸਾਰੇ

ਉੱਤਰ : (ਸ) ਉਪਰੋਕਤ ਸਾਰੇ

ਪ੍ਰਸ਼ਨ 2.ਰਾਜਨੀਤਿਕ ਸਮਾਜੀਕਰਨ ਦੀ ਧਾਰਨਾ ਕਿਹੜੇ ਅਨੁਸ਼ਾਸਨ ਤੋਂ ਲਈ ਗਈ ਹੈ।

(ੳ) ਸਮਾਜ ਸ਼ਾਸਤਰ (ਅ) ਅਰਥ ਸ਼ਾਸਤਰ

(ੲ) ਇਤਿਹਾਸ (ਸ) ਮਨੋਵਿਗਿਆਨ

ਉੱਤਰ : (ੳ) ਸਮਾਜ ਸ਼ਾਸਤਰ

ਪ੍ਰਸ਼ਨ 3.ਰਾਜਨੀਤਿਕ ਸਮਾਜੀਕਰਨ ਦੀ ਮਹੱਤਤਾ ਸਬੰਧੀ ਕਿਹੜਾ ਕਥਨ ਸਹੀ ਹੈ?

(ੳ) ਰਾਜਨੀਤਿਕ ਪ੍ਰਣਾਲੀ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ

(ਅ) ਲੋਕਤੰਤਰ ਨੂੰ ਸਫਲ ਬਣਾਉਂਦਾ ਹੈ

(ੲ) ਸੁਚੇਤ ਨਾਗਰਿਕ ਬਣਾਉਂਦਾ ਹੈ

(ਸ) ਉਪਰੋਕਤ ਸਾਰੇ

ਉੱਤਰ : (ਸ) ਉਪਰੋਕਤ ਸਾਰੇ

ਪ੍ਰਸ਼ਨ 4. ਰਾਜਨੀਤਿਕ ਸਮਾਜੀਕਰਨ ਦੀ ਕਿਰਿਆ ਚੱਲਦੀ ਰਹਿੰਦੀ ਹੈ ?

(ੳ) ਬਚਪਨ ਤੋਂ ਸ਼ੁਰੂ ਹੋ ਕੇ ਕਿਸ਼ੋਰ ਅਵਸਥਾ ਤੱਕ

(ਅ) ਕਿਸ਼ੋਰ ਅਵਸਥਾ ਤੋਂ ਸ਼ੁਰੂ ਹੋ ਕੇ ਜਵਾਨੀ ਤੱਕ

(ੲ) ਬਚਪਨ ਤੋਂ ਸ਼ੁਰੂ ਹੋ ਕੇ ਬੁਢਾਪੇ ਤੱਕ

(ਸ) ਜਵਾਨੀ ਤੋਂ ਸ਼ੁਰੂ ਹੋ ਕੇ ਬੁਢਾਪੇ ਤੱਕ

ਉੱਤਰ : (ੲ) ਬਚਪਨ ਤੋਂ ਸ਼ੁਰੂ ਹੋ ਕੇ ਬੁਢਾਪੇ ਤੱਕ

ਪ੍ਰਸ਼ਨ 5.ਜਦੋਂ ਰਾਜਨੀਤਿਕ ਵਿਸ਼ਵਾਸ ਅਤੇ ਕਦਰਾਂ ਕੀਮਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਦਿੱਤੇ ਜਾਂਦੇ ਹਨ, ਤਾਂ ਉਸ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ।

(ੳ) ਰਾਜਨੀਤੀਕਰਨ (ਅ) ਸਮਾਜੀਕਰਨ

(ੲ) ਰਾਜਨੀਤਿਕ ਸੰਚਾਰ (ਸ) ਰਾਜਨੀਤਿਕ ਸਮਾਜੀਕਰਨ

ਉੱਤਰ : (ਸ) ਰਾਜਨੀਤਿਕ ਸਮਾਜੀਕਰਨ

**ਸਹੀ ਮਿਲਾਨ ਕਰੋ :**

1. ੳ. ਰਾਜਨੀਤਿਕ ਸਮਾਜੀਕਰਨ ਦੀ ਕਿਸਮ → ੳ. ਸਪੱਸ਼ਟ ਰਾਜਨੀਤਿਕ ਸਮਾਜੀਕਰਨ

ਅ. ਰਾਜਨੀਤਿਕ ਸਮਾਜੀਕਰਨ ਦੇ ਸਾਧਨ → ਅ. ਪ੍ਰੈਸ ਅਤੇ ਸੰਚਾਰ ਦੇ ਸਾਧਨ

2. ੳ. ਰਾਜਨੀਤਿਕ ਸਮਾਜੀਕਰਨ ਦਾ ਏਜੰਟ → ੳ. ਵਿਦਿਅਕ ਸੰਸਥਾਵਾਂ

ਅ. ਰਾਜਨੀਤਿਕ ਸਮਾਜੀਕਰਨ ਦੀ ਮਹੱਤਤਾ → ਅ. ਗਿਆਨ ਦੇ ਭੰਡਾਰ ਨੂੰ ਵਿਸਤ੍ਰਿਤ ਕਰਦਾ ਹੈ।

**ਖਾਲੀ ਥਾਵਾਂ ਭਰੋ : -**

ਪ੍ਰਸ਼ਨ 1.ਪ੍ਰੈੱਸ ਅਤੇ ਸੰਚਾਰ ਦੇ ਸਾਧਨ.......... ਸਮਾਜੀਕਰਨ ਦੇ ਮਹੱਤਵਪੂਰਨ ਸਾਧਨ ਹਨ।

ਉੱਤਰ -: ਰਾਜਨੀਤਿਕ

ਪ੍ਰਸ਼ਨ 2 .......... ਸ਼ਾਸਨ ਪ੍ਰਣਾਲੀ ਵਿੱਚ ਰਾਜਨੀਤਿਕ ਸਮਾਜੀਕਰਨ ਦੂਜੀਆਂ ______ ਪ੍ਰਣਾਲੀਆਂ ਦੇ ਮੁਕਾਬਲੇ ਵਿਸ਼ਾਲ ਪੱਧਰ ਤੇ ਹੁੰਦਾ ਹੈ।

ਉੱਤਰ -: ਲੋਕਤੰਤਰੀ, ਸ਼ਾਸਨ

ਪ੍ਰਸ਼ਨ 3.ਰਾਜਨੀਤਿਕ ਸੱਭਿਆਚਾਰ ਨੂੰ ਇੱਕ ਪੀੜੀ ਤੋਂ ਦੂਜੀ ਪੀੜੀ ਨੂੰ ਦੇਣ ਦੀ ਕਿਰਿਆ ਨੂੰ ________ਕਿਹਾ ਜਾਂਦਾ ਹੈ।

ਉੱਤਰ –: ਰਾਜਨੀਤਿਕ ਸਮਾਜੀਕਰਨ ।

ਪ੍ਰਸ਼ਨ 4 ________ ਰਾਜਨੀਤਿਕ ਸਮਾਜੀਕਰਨ ਦਾ ਪਹਿਲਾ ਸਾਧਨ ਹੈ :

ਉੱਤਰ :- ਪਰਿਵਾਰ

ਪ੍ਰਸ਼ਨ 5 ਰਾਜਨੀਤਿਕ ਦਲ ਰਾਜਨੀਤਿਕ .......... ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ

ਉੱਤਰ : ਸਮਾਜੀਕਰਨ

**ਸਹੀ/ਗਲਤ (✓/×)**

1. ਅਪ੍ਰਤੱਖ ਰਾਜਨੀਤਿਕ ਸਮਾਜੀਕਰਨ ਦਾ ਅਰਥ ਅਜਿਹੀ ਵਿਧੀ ਤੋਂ ਹੈ ਜਿਸ ਵਿਧੀ ਦੁਆਰਾ ਵਿਅਕਤੀ ਵਿਦਿਅਕ ਸੰਸਥਾਵਾਂ ਅਤੇ ਰਾਜਨੀਤਿਕ ਦਲਾਂ ਵਿੱਚ ਰਾਜਨੀਤਿਕ ਸਮਾਜੀਕਰਨ ਦੀ ਸਿੱਖਿਆ ਪ੍ਰਾਪਤ ਕਰਦੇ ਹਨ। (×)
2. ਸਮਾਜੀਕਰਨ ਇੱਕ ਵਿਧੀ ਹੈ ਜਿਸ ਦੁਆਰਾ ਵਿਅਕਤੀ ਸਮੂਹ ਦੇ ਆਦਰਸ਼ਾਂ ਦੇ ਅਨੁਕੂਲ ਢਲ ਜਾਣਾ ਸਿੱਖਦਾ ਹੈ। (✓)
3. ਰਾਜਨੀਤਿਕ ਸਮਾਜੀਕਰਨ ਇੱਕ ਅਜਿਹੀ ਵਿਧੀ ਹੈ ਜਿਸ ਦੁਆਰਾ ਕਮਜ਼ੋਰ ਵਰਗ ਦੇ ਲੋਕਾਂ ਨੂੰ ਵਿਕਾਸ ਕਰਨ ਲਈ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। (×)
4. ਰਾਜਨੀਤਿਕ ਸਮਾਜੀਕਰਨ ਦੀ ਕਿਰਿਆ ਹਰ ਇੱਕ ਸਮਾਜ ਵਿੱਚ ਹੁੰਦੀ ਹੈ। (✓)
5. ਰਾਜਨੀਤਿਕ ਸਮਾਜੀਕਰਨ ਇੱਕ ਅਜਿਹੀ ਵਿਧੀ ਹੈ ਜਿਸ ਦੁਆਰਾ ਰਾਜਨੀਕਿ ਸੱਭਿਆਚਾਰ ਕਾਇਮ ਰੱਖੇ ਅਤੇ ਬਦਲੇ ਜਾਂਦੇ ਹਨ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

ਪ੍ਰਸ਼ਨ 1.ਰਾਜਨੀਤਿਕ ਸਮਾਜੀਕਰਨ ਦੇ ਦੋ ਪੱਖ ਲਿਖੋ।

ਉੱਤਰ :(i) ਸਪੱਸ਼ਟ ਰਾਜਨੀਤਿਕ ਸਮਾਜੀਕਰਨ

(ii) ਗੁਪਤ ਰਾਜਨੀਤਿਕ ਸਮਾਜੀਕਰਨ

ਪ੍ਰਸ਼ਨ 2.ਰਾਜਨੀਤਿਕ ਸਮਾਜੀਕਰਨ ਦੀ ਪ੍ਰਕ੍ਰਿਆ ਕਿਸ ਪ੍ਰਕਾਰ ਦੇ ਸਮਾਜ ਵਿੱਚ ਹੁੰਦੀ ਹੈ।

ਉੱਤਰ : ਰਾਜਨੀਤਿਕ ਸਮਾਜੀਕਰਨ ਦੀ ਪ੍ਰਕ੍ਰਿਆ ਹਰੇਕ ਸਮਾਜ ਵਿੱਚ ਹੁੰਦੀ ਹੈ। ਪ੍ਰੰਤੂ ਪਰਜਾਤੰਤਰ ਵਿੱਚ ਇਹ ਕਿਰਿਆ ਜ਼ਿਆਦਾ ਅਤੇ ਵੱਡੇ ਪੈਮਾਨੇ ਤੇ ਹੁੰਦੀ ਹੈ।

ਪ੍ਰਸ਼ਨ 3.ਸਪੱਸ਼ਟ ਰਾਜਨੀਤਿਕ ਸਮਾਜੀਕਰਨ ਤੋਂ ਕੀ ਭਾਵ ਹੈ?

ਉੱਤਰ : ਸਪੱਸ਼ਟ ਰਾਜਨੀਤਿਕ ਸਮਾਜੀਕਰਨ ਦਾ ਇਹ ਅਰਥ ਹੈ ਕਿ ਲੋਕਾਂ ਦੇ ਰਾਜਨੀਤਿਕ ਵਿਸ਼ਵਾਸ ਆਪਣੇ ਆਪ ਵਿਕਸਤ ਨਹੀਂ ਹੁੰਦੇ ਸਗੋਂ ਇਸ ਉਦੇਸ਼ ਲਈ ਸਪਸ਼ਟ ਰੂਪ ਵਿੱਚ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ।

ਪ੍ਰਸ਼ਨ 4.ਰਾਜਨੀਤਿਕ ਸਮਾਜੀਕਰਨ ਬਾਹਰਲੀ ਧਾਰਨਾ ਹੈ ਜਾਂ ਅੰਤਰ-ਮੁਖੀ ਧਾਰਨਾ?

ਉੱਤਰ : ਅੰਤਰ-ਮੁਖੀ ਧਾਰਨਾ।

ਪ੍ਰਸ਼ਨ 5.ਪੀਅਰਜ਼ ਸਮੂਹਾਂ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?

ਉੱਤਰ : (i) ਸੰਗਠਨ ਦੀ ਅਣਹੋਂਦ (ii) ਇੱਕੋ ਜਿਹੇ ਸਥਿਤੀ ਵਾਲੇ ਮੈਂਬਰ

ਪ੍ਰਸ਼ਨ 6.ਰਾਜਨੀਤਿਕ ਸਮਾਜੀਕਰਨ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ?

ਉੱਤਰ : 1. ਰਾਜਨੀਤਿਕ ਸਮਾਜੀਕਰਨ ਦੀ ਕਿਰਿਆ ਸਾਰੀ ਉਮਰ ਚੱਲਦੀ ਰਹਿੰਦੀ ਹੈ।

2. ਲੋਕਤੰਤਰੀ ਸ਼ਾਸ਼ਨ ਪ੍ਰਾਣਲੀ ਨਾਲ ਰਾਜਨੀਤਿਕ ਸਮਾਜੀਕਰਨ ਦਾ ਨਿਕਟਵਰਤੀ ਸਬੰਧ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1.ਰਾਜਨੀਤਿਕ ਸਮਾਜੀਕਰਨ ਦਾ ਰਾਜਨੀਤਿਕ ਸੰਸਕ੍ਰਿਤੀ ਨਾਲ ਕੀ ਸਬੰਧ ਹੈ?

ਪ੍ਰਸ਼ਨ 2.ਗੁਪਤ ਰਾਜਨੀਤਿਕ ਸਮਾਜੀਕਰਨ ਦਾ ਕੀ ਅਰਥ ਹੈ?

ਪ੍ਰਸ਼ਨ 3.ਰਾਜਨੀਤਿਕ ਸਮਾਜੀਕਰਨ ਦਾ ਕੀ ਅਰਥ ਹੈ?

ਪ੍ਰਸ਼ਨ 4.ਰਾਜਨੀਤਿਕ ਵਿਸ਼ਵਾਸਾਂ ਦੇ ਅੰਤਰੀਕਰਨ ਦਾ ਕੀ ਭਾਵ ਹੈ?

## ਪਾਠ-5
## ਉਦਾਰਵਾਦ

**ਬਹੁ-ਵਿਕਲਪੀ ਪ੍ਰਸ਼ਨ**

ਪ੍ਰਸ਼ਨ 1:-The Spirit of Law ਪੁਸਤਕ ਦਾ ਲੇਖਕ ਸੀ-

(ੳ) ਬੈਂਥਮ (ਅ) ਮਾਟੇਸਕਿਉ

(ੲ) ਜੇ.ਐਸ. ਮਿਲ. (ਸ) ਰੂਸੋ।

ਉੱਤਰ:- (ਅ) ਮਾਟੇਸਕਿਉ

ਪ੍ਰਸ਼ਨ:-2 ਸਮਕਾਲੀ ਉਦਾਰਵਾਦ ਦੀ ਧਾਰਨਾ ਅਨੁਸਾਰ ਰਾਜ-

(ੳ) ਜਰੂਰੀ ਬੁਰਾਈ ਹੈ। (ਅ) ਕਲਿਆਣਕਾਰੀ ਸੰਸਥਾ ਹੈ।

(ੲ) ਕੁਦਰਤੀ ਸੰਸਥਾ ਹੈ। (ਸ) ਨੈਤਿਕ ਸੰਸਥਾ ਹੈ।

ਉੱਤਰ:- (ਸ) ਨੈਤਿਕ ਸੰਸਥਾ ਹੈ।

ਪ੍ਰਸ਼ਨ:-3 ਉਦਾਰਵਾਦੀ ਧਾਰਨਾ ਅਨੁਸਾਰ-

(ੳ) ਰਾਜ ਸ਼ਾਸਕ ਸ਼੍ਰੇਣੀ ਦੀ ਇੱਛਾ ਦਾ ਪ੍ਰਗਟਾਵਾ ਹੈ।

(ਅ) ਰਾਜ ਇੱਕ ਵਰਗ ਸੰਗਠਨ ਹੈ।

(ੲ) ਰਾਜ ਅਤੇ ਸਮਾਜ ਵਿੱਚ ਅੰਤਰ ਹੈ।

(ਸ) ਸ਼ਕਤੀ ਰਾਜ ਦਾ ਮੁੱਖ ਆਧਾਰ ਹੈ।

ਉੱਤਰ:-ਰਾਜ ਅਤੇ ਸਮਾਜ ਵਿੱਚ ਅੰਤਰ ਹੈ।

ਪ੍ਰਸ਼ਨ:-4 ਹੇਠ ਲਿਖਿਆਂ ਵਿੱਚ ਕਿਹੜਾ ਵਿਦਵਾਨ ਉਦਾਰਵਾਦ ਦਾ ਸਮਰਥਕ ਨਹੀਂ?

(ੳ) ਟੀ.ਐਚ.ਗਰੀਨ (ਅ) ਜਰਮੀ ਬੈਂਥਮ

(ੲ) ਜੇ.ਐਸ.ਮਿੱਲ (ਸ) ਅਰਸਤੂ

ਉੱਤਰ:-(ਸ) ਅਰਸਤੂ

**ਖਾਲੀ ਥਾਵਾਂ ਭਰੋ।**

ਪ੍ਰਸ਼ਨ:- ............. ਨੂੰ ਇਕ ਜਰੂਰੀ ਬੁਰਾਈ ਮੰਨਦਾ ਹੈ।

ਉੱਤਰ:- ਪੁਰਾਤਨ ਉਦਾਰਵਾਦ

ਪ੍ਰਸ਼ਨ:- ਪੁਰਾਤਨ ਉਦਾਰਵਾਦ ............. ਤੱਕ ਜਾਂ ਪਹੁੰਚਿਆ ਹੈ।

ਉੱਤਰ:- ਵਿਸ਼ਵੀਕਰਨ

ਪ੍ਰਸ਼ਨ:- ਉਦਾਰਵਾਦ ਦਾ ਕੋਈ ਵਿਸ਼ੇਸ ਵਿਦਵਾਨ ............. ਨਹੀਂ ਹੈ

ਉੱਤਰ:- ਜਨਮ-ਦਾਤਾ

ਪ੍ਰਸ਼ਨ:- ਉਦਾਰਵਾਦ ............ ਦੀ ਧਾਰਨਾ ਹੈ।

ਉੱਤਰ:- ਸੁਤੰਤਰ ਵਿਅਕਤੀ

ਪ੍ਰਸ਼ਨ:-ਉਦਾਰਵਾਦ ਇੱਕ ਅਜਿਹੀ ਆਰਥਿਕ ਅਤੇ ਰਾਜਨੀਤਿਕ ਧਾਰਨਾ ਹੈ ਜਿਸ ਦੇ ਕਿਸੇ ਵੀ ਪੜਾਅ ਨੂੰ ਇਸਦੀ ਅੰਤਿਮ.......... ਨਹੀਂ ਮੰਨਿਆ ਜਾ ਸਕਦਾ

ਉੱਤਰ:- ਮੰਜਿਲ

**ਸਹੀ ਮਿਲਾਨ ਕਰੋ**

1. (ੳ) ਪੁਰਾਤਨ ਉਦਾਰਵਾਦ ਦੀ ਵਿਸ਼ੇਸ਼ਤਾ — (ਅ) ਅਧਿਕਾਰ ਕੁਦਰਤੀ ਨਹੀਂ ਹਨ
   (ਅ) ਸਮਕਾਲੀ ਉਦਾਰਵਾਦ ਦਾ ਸਿਧਾਂਤ — (ੳ) ਵਿਅਕਤੀ ਦੀ ਤਰਕਸ਼ੀਲਤਾ ਉੱਤੇ ਵਿਸ਼ਵਾਸ
2. (ੳ) ਪੁਰਾਤਨ ਉਦਾਰਵਾਦ → (ੳ) ਰਾਜ ਇਕ ਜਰੂਰੀ ਯੁਗ
   (ਅ) ਸਮਕਾਲੀ ਉਦਾਰਵਾਦ → (ਅ) ਨੈਤਿਕ ਅਤੇ ਸਮਾਜਿਕ ਸੰਸਥਾ
3. (ੳ) ਪੁਰਾਤਨ ਉਦਾਰਵਾਦੀ ਧਾਰਨਾ ਦਾ ਮੁੱਖ ਸਮਰਥਕ — (ਅ) ਰਾਜ ਨੈਤਿਕ ਸੰਸਥਾ ਹੈ
   (ਅ) ਸਮਕਾਲੀ — (ਅ) ਐਡਿਮ ਸਮਿੱਥ

**ਸਹੀ/ਗਲਤ**

1. ਐਡਿਮ ਸਮਿੱਥ ਪ੍ਰਸਿੱਧ ਉਦਾਰਵਾਦੀ ਸ਼ਾਸਤਰੀ ਸੀ। (✓)
2. ਸਮਕਾਲੀ ਉਦਾਰਵਾਦ ਅਨੁਸਾਰ ਰਾਜ ਨੂੰ ਕਲਿਆਣਕਾਰੀ ਕੰਮ ਨਹੀਂ ਕਰਨੇ ਚਾਹੀਦੇ। (×)
3. ਪੁਰਾਤਨ ਉਦਾਰਵਾਦ ਨੇ ਰਾਜ ਦਾ ਬਹੁਤ ਸੀਮਤ ਅਧਿਕਾਰ ਖੇਤਰ ਨਿਸ਼ਚਿਤ ਕੀਤਾ ਸੀ। (✓)
4. ਟੀ ਐਚ ਗਰੀਨ ਪ੍ਰਸਿੱਧ ਪੁਰਾਤਨ ਉਦਾਰਵਾਦੀ ਵਿਚਾਰਕ ਸੀ। (×)
5. ਉਦਾਰਵਾਦ ਦੀ ਧਾਰਨਾ ਅਨੁਸਾਰ ਰਾਜ ਨੂੰ ਕੇਵਲ ਆਰਥਿਕ ਕੰਮ ਹੀ ਕਰਨੇ ਚਾਹੀਦੇ ਹਨ। (×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1.ਉਦਾਰਵਾਦ ਕਿਸ ਦੀ ਧਾਰਨਾ ਮੰਨੀ ਜਾ ਸਕਦੀ ਹੈ?

ਉੱਤਰ: ਸੁਤੰਤਰ ਵਿਅਕਤੀ ਦੀ।

ਪ੍ਰਸ਼ਨ 2.ਪੁਰਾਤਨ ਉਦਾਰਵਾਦੀਆਂ ਦੀ ਦ੍ਰਿਸ਼ਟੀ ਵਿੱਚ ਰਾਜ ਕਿਉਂ ਇੱਕ ਬੁਰਾਈ ਹੈ?

ਉੱਤਰ: ਕਿਉਂਕਿ ਇਹ ਵਿਅਕਤੀਗਤ ਸੁਤੰਤਰਤਾ ਨੂੰ ਨਸ਼ਟ ਕਰਦਾ ਹੈ।

ਪ੍ਰਸ਼ਨ 3.ਸਮਕਾਲੀ ਉਦਾਰਵਾਦ ਰਾਜ ਨੂੰ ਕਿਸ ਪ੍ਰਕਾਰ ਦੀ ਸੰਸਥਾ ਮੰਨਦਾ ਹੈ?

ਉੱਤਰ: ਨੈਤਿਕ ਅਤੇ ਸਮਾਜਿਕ ਸੰਸਥਾ

ਪ੍ਰਸ਼ਨ 4.ਉਦਾਰਵਾਦ ਦੇ ਕੋਈ ਦੋ ਰੂਪ ਲਿਖੋ।

ਉੱਤਰ: ਪੁਰਾਤਨ ਉਦਾਰਵਾਦ, ਸਮਕਾਲੀ ਉਦਾਰਵਾਦ

ਪ੍ਰਸ਼ਨ 5.ਉਦਾਰਵਾਦ ਕਿਹੜੀ ਭਾਸ਼ਾ ਦੇ ਕਿਹਨੇ ਸ਼ਬਦ ਦਾ ਪੰਜਾਬੀ ਅਨੁਵਾਦ ਹੈ?

ਉੱਤਰ ਅੰਗਰੇਜੀ ਭਾਸ਼ਾ ਦੇ ਸ਼ਬਦ ਲਿਬਰੇਲਿਜ਼ਮ ਦਾ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1. ਉਦਾਰਵਾਦ ਦੇ ਇੱਕ ਸਿਧਾਂਤ ਦਾ ਵਰਣਨ ਕਰੋ।

ਪ੍ਰਸ਼ਨ 2. ਪ੍ਰੰਪਰਾਵਾਦੀ ਉਦਾਰਵਾਦ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 3. ਸਮਕਾਲੀ ਉਦਾਰਵਾਦ ਤੇ ਸੰਖੇਪ ਨੋਟ ਲਿਖੋ।

ਪ੍ਰਸ਼ਨ 4. ਉਦਾਰਵਾਦ ਦੀ ਕੋਈ ਇੱਕ ਪਰਿਭਾਸ਼ਾ ਲਿਖੋ।

## ਪਾਠ-6
## ਮਾਰਕਸਵਾਦ

**ਬਹੁ-ਵਿਕਲਪੀ ਪ੍ਰਸ਼ਨ:-**

**1. ਮਾਰਕਸਵਾਦੀ ਧਾਰਨਾ ਅਨੁਸਾਰ:-**

(ੳ) ਰਾਜ ਜਨ-ਕਲਿਆਣ ਦੀ ਸਰਵ-ਉੱਤਮ ਸੰਸਥਾ ਹੈ।
(ਅ) ਰਾਜ ਬੁਰਜੁਆ ਸ਼੍ਰੇਣੀ ਦਾ ਇਕ ਅਜਿਹਾ ਯੰਤਰ ਹੈ ਜਿਸ ਦੀ ਸਹਾਇਤਾ ਨਾਲ ਇਹ ਸ਼੍ਰੇਣੀ ਕਿਰਤੀਆਂ ਦੀ ਲੁੱਟ ਕਰਦੀ ਹੈ।
(ੲ) ਰਾਜ ਵਿਰੋਧੀ ਹਿੱਤਾਂ ਵਿੱਚ ਸੁਮੇਲਤਾ ਪੈਦਾ ਕਰਨ ਦਾ ਇੱਕ ਸਾਧਨ ਹੈ।
(ਸ) ਰਾਜ ਦੁਆਰਾ ਸਮਾਜ ਵਿਚੋਂ ਸ਼੍ਰੇਣੀ ਵਿਰੋਧਤਾਵਾਂ ਨੂੰ ਬਿਲਕੁਲ ਖਤਮ ਕੀਤਾ ਜਾ ਸਕਦਾ ਹੈ।

ਉੱਤਰ:-(ਅ) ਰਾਜ ਬੁਰਜੁਆ ਸ਼੍ਰੇਣੀ ਦਾ ਇਕ ਅਜਿਹਾ ਯੰਤਰ ਹੈ ਜਿਸ ਦੀ ਸਹਾਇਤਾ ਨਾਲ ਇਹ ਸ਼੍ਰੇਣੀ ਕਿਰਤੀਆਂ ਦੀ ਲੁੱਟ ਕਰਦੀ ਹੈ।

**2. ਕਿਹੜੀ ਰਚਨਾ ਏਂਜਲਸ ਦੀ ਹੈ।**

(ੳ) ਰਾਜ ਅਤੇ ਕ੍ਰਾਂਤੀ (ਅ) ਦਾਸ ਕੈਪੀਟਲ
(ੲ) ਕਮਿਊਨਿਸਟ ਮੈਨੀਫੈਸਟੋ (ਸ) ਪਰਿਵਾਰ, ਨਿੱਜੀ ਸੰਪਤੀ ਅਤੇ ਰਾਜ ਦੀ ਉਤਪਤੀ

ਉੱਤਰ:(ਸ) ਪਰਿਵਾਰ, ਨਿੱਜੀ ਸੰਪਤੀ ਅਤੇ ਰਾਜ ਦੀ ਉਤਪਤੀ।

**3. ਮਾਰਕਸਵਾਦੀ ਧਾਰਨਾ ਅਨੁਸਾਰ ਕਿਹੜਾ ਵਿਚਾਰ ਠੀਕ ਹੈ?**

(ੳ) ਰਾਜ ਮਜਦੂਰਾਂ ਦੀ ਤਾਨਾਸ਼ਾਹੀ ਦਾ ਪ੍ਰਤੀਕ ਹੈ।
(ਅ) ਰਾਜ ਅਹਿੰਸਕ ਮਨੁੱਖੀ ਯੰਤਰ ਹੈ।
(ੲ) ਰਾਜ ਸਰਕਾਰ ਵਿੱਚ ਏਕਤਾ ਅਤੇ ਸੁਮੇਲਤਾ ਪੈਦਾ ਨਹੀਂ ਕਰ ਸਕਦਾ।
(ਸ) ਰਾਜ ਜਨਤਕ ਹਿੱਤਾਂ ਦੇ ਵਿਕਾਸ ਲਈ ਸਰਵ-ਉੱਤਮ ਸਾਧਨ ਹੈ।

ਉੱਤਰ:- (ਸ) ਰਾਜ ਜਨਤਕ ਹਿੱਤਾਂ ਦੇ ਵਿਕਾਸ ਲਈ ਸਰਵ-ਉੱਤਮ ਸਾਧਨ ਹੈ।

**ਖਾਲੀ ਥਾਵਾਂ ਭਰੋ**

ਪ੍ਰਸ਼ਨ 1. ਦਾਸ ਕੈਪੀਟਲ............. ਦੀ ਮਹੱਤਵਪੂਰਣ ਰਚਨਾ ਹੈ।
ਉੱਤਰ:- ਕਾਰਲ ਮਾਰਕਸ
ਪ੍ਰਸ਼ਨ 2. ਮਾਰਕਸਵਾਦ ਦਾ ਜਨਮ ਦਾਤਾ ............. ਹੈ।
ਉੱਤਰ:- ਕਾਰਲ ਮਾਰਕਸ
ਪ੍ਰਸ਼ਨ 3. ............. ਦੀ ਤਾਨਾਸ਼ਾਹੀ ਮਾਰਕਸਵਾਦ ਦਾ ਮਹੱਤਵਪੂਰਨ ਸਿਧਾਂਤ ਹੈ।
ਉੱਤਰ:- ਮਜਦੂਰਾਂ ਦੀ ਤਾਨਾਸ਼ਾਹੀ
ਪ੍ਰਸ਼ਨ 4. ਮਾਰਕਸਵਾਦ ............. ਦੇ ਵਿਰੁੱਧ ਹੈ।
ਉੱਤਰ:- ਨਿੱਜੀ ਸੰਪਤੀ
ਪ੍ਰਸ਼ਨ 5. ਕਾਰਲ ਮਾਰਕਸ ਨੇ ਪੂੰਜੀਪਤੀ ਵਰਗ ਨੂੰ ............. ਕਿਹਾ ਹੈ।
ਉੱਤਰ:- ਬੋਰਜੂਆ

**ਸਹੀ/ਗਲਤ**

1. ਵਾਧੂ ਮੁੱਲ ਦਾ ਸਿਧਾਂਤ ਮਾਰਕਸਵਾਦ ਦਾ ਇੱਕ ਮਹੱਤਵਪੂਰਨ ਸਿਧਾਂਤ ਹੈ। (✓)
2. ਕਮਿਊਨਿਸਟ ਮੈਨੀਫੈਸਟੋ ਲੈਨਿਨ ਦੀ ਪ੍ਰਸਿੱਧ ਰਚਨਾ ਮੰਨੀ ਗਈ ਹੈ। (×)
3. ਇਤਿਹਾਸ ਦੀ ਭੌਤਿਕਵਾਦੀ ਵਿਆਖਿਆ ਦਾ ਸਿਧਾਂਤ ਮਾਰਕਸਵਾਦ ਦਾ ਮੂਲ ਸਿਧਾਂਤ ਹੈ। (✓)
4. ਮਾਰਕਸਵਾਦ ਨੂੰ ਵਿਗਿਆਨਕ ਸਮਾਜਵਾਦ ਵੀ ਕਿਹਾ ਜਾਂਦਾ ਹੈ। (✓)
5. ਕਾਰਲ ਮਾਰਕਸ ਮਾਰਕਸਵਾਦ ਦਾ ਜਨਮ ਦਾਤਾ ਜਿਸ ਦਾ ਜਨਮ 5 ਮਈ, 1818 ਨੂੰ ਜਰਮਨ ਦੇਸ਼ ਵਿੱਚ ਹੋਇਆ ਸੀ। (✓)

**ਸਹੀ ਮਿਲਾਨ ਕਰੋ।**

1. (ੳ) ਮਾਰਕਸਵਾਦ ਦਾ ਸਿਧਾਂਤ → (ਅ) ਦਾਸ ਕੈਪੀਟਲ
   (ਅ) ਕਾਰਲ ਮਾਰਕਸ → (ੳ) ਵਾਧੂ ਮੁੱਲ ਦਾ ਸਿਧਾਂਤ
2. (ੳ) ਸ਼੍ਰੇਣੀ ਸੰਘਰਸ਼ → (ੳ) ਕਾਰਲ ਮਾਰਕਸ ਦਾ ਸਿਧਾਂਤ
   (ਅ) ਕਮਿਊਨਿਸਟ ਮੈਨੀਫੈਸਟੋ → (ਅ) ਕਾਰਲ ਮਾਰਕਸ ਦੀ ਰਚਨਾ
3. (ੳ) ਕਾਰਲ ਮਾਰਕਸ ਦਾ ਸਿਧਾਂਤ → (ਅ) 5 ਮਈ, 1818
   (ਅ) ਕਾਰਲ ਮਾਰਕਸ ਦਾ ਜਨਮ → (ੳ) ਸ਼੍ਰੇਣੀ ਸੰਘਰਸ਼

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਕਾਰਲ ਮਾਰਕਸ ਦੀਆਂ ਦੋ ਪ੍ਰਸਿੱਧ ਰਚਨਾਵਾਂ ਲਿਖੋ।

ਉੱਤਰ: (i) ਦਾਸ ਕੈਪੀਟਲ (ii) ਕਮਿਊਨਿਸਟ ਮੈਨੀਫੈਸਟੋ

ਪ੍ਰਸ਼ਨ:- ਮਾਰਕਸਵਾਦ ਦੇ ਦੋ ਮੁੱਖ ਸਿਧਾਂਤ ਲਿਖੋ।

ਉੱਤਰ:- 1. ਵਾਧੂ ਮੁੱਲ ਦਾ ਸਿਧਾਂਤ
2. ਸ਼੍ਰੇਣੀ ਸੰਘਰਸ਼ ਦਾ ਸਿਧਾਂਤ

ਪ੍ਰਸ਼ਨ:- ਕਾਰਲ ਮਾਰਕਸ ਕੌਣ ਸੀ?

ਉੱਤਰ:-ਕਾਰਲ ਮਾਰਕਸ ਸਾਮਵਾਦੀ ਵਿਚਾਰਕ ਸੀ। ਜਿਸਦਾ ਜਨਮ 5 ਮਈ, 1818 ਈ. ਨੂੰ ਹੋਇਆ।

ਪ੍ਰਸ਼ਨ:-ਮਾਰਕਸਵਾਦ ਦੀ ਇੱਕ ਆਲੋਚਨਾ ਲਿਖੋ।

ਉੱਤਰ: ਮਾਰਕਸਵਾਦ ਸਾਮਵਾਦੀ ਦੁਆਰਾ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਤਾਕਤ ਦੀ ਵਰਤੋਂ (ਹਿੰਸਾਤਮਕ ਸਾਧਨਾਂ) ਦੀ ਪ੍ਰੋੜਤਾ ਕਰਦਾ ਹੈ ਅਤੇ ਸ਼ਾਂਤਮਈ ਸਾਧਨਾਂ ਦੀ ਵਰਤੋਂ ਨੂੰ ਮਹੱਤਵ ਨਹੀਂ ਦਿੰਦਾ।

ਪ੍ਰਸ਼ਨ:- ਮਾਰਕਸਵਾਦ ਕਿਸਨੂੰ ਕਹਿੰਦੇ ਹਨ?

ਉੱਤਰ:- ਮਾਰਕਸ ਦੀਆਂ ਰਚਨਾਵਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦੇ ਸਮੂਹਿਕ ਰੂਪ ਨੂੰ ਮਾਰਕਸਵਾਦ ਕਿਹਾ ਜਾਂਦਾ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਕਾਰਲ ਮਾਰਕਸ ਰਾਜ ਦੇ ਵਿਰੁੱਧ ਕਿਉਂ ਹਨ?

ਪ੍ਰਸ਼ਨ:- ਮਜ਼ਦੂਰ ਵਰਗ ਦੀ ਤਾਨਾਸ਼ਾਹੀ ਦਾ ਕੀ ਅਰਥ ਹੈ?

ਪ੍ਰਸ਼ਨ:-ਕਾਰਲ ਮਾਰਕਸ ਦੇ ਧਰਮ ਸਬੰਧੀ ਵਿਚਾਰ ਲਿਖੋ।

## ਪਾਠ-7
## ਮਹਾਤਮਾ ਗਾਂਧੀ ਦੇ ਰਾਜਨੀਤਿਕ ਵਿਚਾਰ

ਪ੍ਰਸ਼ਨ:-ਯੂਨੀਵਰਸਿਟੀ ਪੱਧਰ ਦੀ ਵਿਦਿਆ ਪੂਰੀ ਕਰਨ ਮਗਰੋਂ ਗਾਂਧੀ ਜੀ ਵਕਾਲਤ ਦੀ ਪੜ੍ਹਾਈ ਕਰਨ ਲਈ ਕਿੱਥੇ ਗਏ।

(ੳ) ਅਮਰੀਕਾ (ਅ) ਇੰਗਲੈਂਡ (ੲ) ਕਨੇਡਾ (ਸ) ਜਰਮਨੀ

ਉੱਤਰ:- (ਅ) ਇੰਗਲੈਂਡ

ਪ੍ਰਸ਼ਨ:- ਗਾਂਧੀ ਜੀ ਅਨੁਸਾਰ ਲੋਕਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ:

(ੳ) ਨਿਆਂਪਾਲਿਕਾ ਦੁਆਰਾ (ਅ) ਰਾਜ ਦੁਆਰਾ (ੲ) ਪੰਚਾਇਤਾਂ ਦੁਆਰਾ (ਸ). ਜੱਜਾਂ ਦੁਆਰਾ

ਉੱਤਰ:- ਪੰਚਾਇਤਾਂ ਦੁਆਰਾ

ਪ੍ਰਸ਼ਨ:-ਹੇਠ ਲਿਖਿਆਂ ਵਿਚੋਂ ਸੱਤਿਆਗ੍ਰਹਿ ਦੀ ਵਿਧੀ ਕਿਹੜੀ ਹੈ?

(ੳ). ਹਿਜਰਤ (ਅ) ਸਿਵਲ ਨਾ ਫੁਰਮਾਨੀ (ੲ) ਵਰਤ ਰੱਖਣਾ (ਸ) ਉਪਰੋਕਤ ਸਾਰੀਆਂ

ਉੱਤਰ:- ਉਪਰੋਕਤ ਸਾਰੀਆਂ

ਪ੍ਰਸ਼ਨ:-ਸੱਤਿਆਗ੍ਰਹਿ ਕਿਸਦਾ ਹੱਥਿਆਰ ਨਹੀਂ ਹੈ:

(ੳ) ਗਰੀਬਾਂ ਦਾ (ਅ) ਕਮਜ਼ੋਰਾਂਦਾ (ੲ) ਅਮੀਰਾਂ ਦਾ (ਸ) ਕਿਰਤੀਆਂ ਦਾ

ਉੱਤਰ:- (ਅ) ਕਮਜ਼ੋਰਾਂ ਦਾ

ਪ੍ਰਸ਼ਨ:-ਗਾਂਧੀ ਜੀ ਅਨੁਸਾਰ ਰਾਜ-

(ੳ) ਇਕ ਵਰਗ ਸੰਗਠਨ ਹੈ। (ਅ) ਆਤਮਾ ਰਹਿਤ ਯੰਤਰ ਹੈ।

(ੲ) ਪੂੰਜੀਪਤੀਆਂ ਦਾ ਸ਼ੋਸਕ ਸਾਧਨ ਹੈ। (ਸ) ਸਾਧਾਰਨ ਲੋਕਾਂ ਦੇ ਹਿੱਤਾਂ ਦੀ ਰੱਖਿਆ

ਉੱਤਰ:- (ਅ) ਆਤਮਾ ਰਹਿਤ ਯੰਤਰ ਹੈ।

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-1. 1919 ਤੋਂ 1947 ਤੱਕ ਮਹਾਤਮਾ ਗਾਂਧੀ ਜੀ ਦੇ ਰਾਸਟਰੀ ਅੰਦੋਲਨਾਂ ਤੇ ਛਾਏ ਹੋਣ ਕਾਰਨ ਇਤਿਹਾਸ ਦੇ ਇਸ ਕਾਲ ਨੂੰ ____________ ਦਾ ਨਾਂ ਦਿੱਤਾ ਜਾਂਦਾ ਹੈ।

ਉੱਤਰ:- ਗਾਂਧੀ ਯੁੱਗ

ਪ੍ਰਸ਼ਨ:-2. ਸੁਭਾਸ ਚੰਦਰ ਬੋਸ ਨੇ ਇਕ ਭਾਸ਼ਣ ਵਿੱਚ ਗਾਂਧੀ ਜੀ ਨੂੰ ________ ਦਾ ਖਿਤਾਬ ਦਿੱਤਾ।

ਉੱਤਰ:-ਰਾਸਟਰ ਪਿਤਾ

ਪ੍ਰਸ਼ਨ:-3. ਸਤਿਆਗ੍ਰਹਿ ਗਾਧੀਵਾਦ ਦਾ ਦਿਲ ਅਤੇ____________ ਹੈ।

ਉੱਤਰ:- ਆਤਮਾ

ਪ੍ਰਸ਼ਨ:-4. ਗਾਂਧੀ ਜੀ ____________ ਤੇ ਅਟੁੱਟ ਵਿਸ਼ਵਾਸ ਰੱਖਦੇ ਸਨ।

ਉੱਤਰ:- ਅਹਿੰਸਾ

ਪ੍ਰਸ਼ਨ:-5. ____________ ਮਹਾਤਮਾ ਗਾਂਧੀ ਦੇ ਰਾਜਨੀਤਿਕ ਗੁਰੂ ਸਨ।

ਉੱਤਰ:-ਗੋਪਾਲ ਕ੍ਰਿਸਨ ਗੋਖਲੇ

**ਸਹੀ ਮਿਲਾਨ ਕਰੋ:-**

| | | |
|---|---|---|
| (1) | (ੳ) ਜੋਹਨ ਰਸਕਿਨ | (ਅ) An essay on civil disobedience |
| | (ਅ) ਹੈਨਰੀ ਡੇਵਿਡ ਥੋਰਿਉ | (ੳ) Unto the last |
| (2) | (ੳ) ਸਤਿਆਗ੍ਰਹਿ | (ੳ) ਸੱਚ ਤੇ ਡਟੇ ਰਹਿਣਾ |
| | (ਅ) ਅਹਿੰਸਾ | (ਅ) ਕਿਸੇ ਨੂੰ ਨਾ ਮਾਰਨਾ |
| (3) | (ੳ) ਮਹਾਤਮਾ ਗਾਂਧੀ | (ਅ) ਵਾਧੂ ਮੁੱਲ ਦਾ ਸਿਧਾਂਤ |
| | (ਅ) ਕਾਰਲ ਮਾਰਕਸ | (ੳ) ਸਤਿਆਗ੍ਰਹਿ |

(4) (ੳ) ਸੱਚ ਨਾਲ ਮੇਰੇ ਤਜਰਬੇ → (ੳ) ਮਹਾਤਮਾ ਗਾਂਧੀ
(ਅ) ਹਿਊਮੈਨ ਨੇਚਰ ਇਨ ਪਾਲਟਿਕਸ → (ਅ) ਗ੍ਰਾਹਮ ਵਾਲਸ

(5) (ੳ) ਕਾਰਲ ਮਾਰਕਸ → (ੳ) 5 ਮਈ, 1818 ਈ
(ਅ) ਮਹਾਤਮਾ ਗਾਂਧੀ → (ਅ) 2 ਅਕਤੂਬਰ 1869 ਈ.

**ਠੀਕ ਗਲਤ**

1. ਮਹਾਤਮਾ ਗਾਂਧੀ ਦਾ ਜਨਮ 2 ਅਕਤੂਬਰ 1069 ਈ. ਵਿੱਚ ਹੋਇਆ ਸੀ। (×)
2. ਮਹਾਤਮਾ ਗਾਂਧੀ ਵਾਸਤਵ ਵਿੱਚ ਬਹੁਤ ਪ੍ਰਸਿੱਧ ਭਾਰਤੀ ਰਾਜਨੀਤਿਕ ਵਿਚਾਰਕ ਸਨ। (×)
3. ਮਹਾਤਮਾ ਗਾਂਧੀ ਵਰਤਮਾਨ ਰਾਜ ਦੇ ਵਿਰੁੱਧ ਸਨ ਕਿਉਂਕਿ ਇਹ ਹਿੰਸਾ ਤੇ ਆਧਾਰਿਤ ਹੈ। (✓)
4. ਗਾਂਧੀ ਜੀ ਦੇ ਵਿਚਾਰ ਅਨੁਸਾਰ ਸਤਿਆਗ੍ਰਹਿ ਦਾ ਅਰਥ 'ਸੱਚ ਤੇ ਡਟੇ ਰਹਿਣਾ' ਹੈ। (✓)
5. ਗਾਂਧੀ ਜੀ ਦੇ ਆਦਰਸ ਸਮਾਜ ਵਿੱਚ ਹਰੇਕ ਵਿਅਕਤੀ ਨੂੰ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਨੂੰ ਮੰਨਣ ਦੀ ਸੁਤੰਤਰਤਾ ਹੋਵੇਗੀ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:1 ਮਹਾਤਮਾ ਗਾਂਧੀ ਜੀ ਦਾ ਜਨਮ ਕਦੋਂ, ਕਿੱਥੇ ਹੋਇਆ?

ਉੱਤਰ:- ਮਹਾਤਮਾ ਗਾਂਧੀ ਜੀ ਦਾ ਜਨਮ 2 ਅਕਤੂਬਰ 1869 ਈ. ਨੂੰ ਪੋਰਬੰਦਰ ਵਿਖੇ ਹੋਇਆ।

ਪ੍ਰਸ਼ਨ:2 ਸਿਵਲ-ਨਾ-ਫਰਮਾਨੀ ਤੋਂ ਗਾਂਧੀ ਜੀ ਦਾ ਕੀ ਭਾਵ ਹੈ?

ਉੱਤਰ:-ਸਰਕਾਰ ਦੇ ਅਨੈਤਿਕ ਅਤੇ ਜਨਤਾ ਵਿਰੋਧੀ ਕਾਨੂੰਨਾਂ ਦੀ ਪਾਲਣਾ ਨਾ ਕਰਨਾ ਅਤੇ ਸਰਕਾਰ ਨੂੰ ਸਹਿਯੋਗ ਨਾ ਦੇਣਾ।

ਪ੍ਰਸ਼ਨ:3 ਗਾਂਧੀ ਜੀ ਦਾ ਆਦਰਸ਼ ਰਾਜ ਕਿਸ ਤਰ੍ਹਾਂ ਦਾ ਹੈ?

ਉੱਤਰ:- ਗਾਂਧੀ ਜੀ ਦਾ ਆਦਰਸ ਰਾਜ ਰਾਮ ਰਾਜ ਵਰਗਾ ਹੈ।

ਪ੍ਰਸ਼ਨ: ਮਹਾਤਮਾ ਗਾਂਧੀ ਜੀ ਨੂੰ ਰਾਸਟਰਪਿਤਾ ਦਾ ਖਿਤਾਬ ਕਿਸਨੇ ਦਿੱਤਾ ਸੀ?

ਉੱਤਰ:- ਮਹਾਤਮਾ ਗਾਂਧੀ ਜੀ ਨੂੰ ਰਾਸਟਰਪਿਤਾ ਦਾ ਖਿਤਾਬ ਸ੍ਰੀ ਸੁਭਾਸ ਚੰਦਰ ਬੋਸ ਨੇ ਆਪਣੇ ਇੱਕ ਭਾਸ਼ਣ ਵਿੱਚ ਦਿੱਤਾ ਸੀ।

ਪ੍ਰਸ਼ਨ:- ਮਹਾਤਮਾ ਗਾਂਧੀ ਜੀ ਦੀਆਂ ਸਤਿਆਗ੍ਰਹਿ ਦੀਆਂ ਦੋ ਵਿਧੀਆਂ ਦੱਸੋ?

ਉੱਤਰ:-1 ਅਸਹਿਯੋਗ-ਜੇਕਰ ਸਰਕਾਰ ਲੋਕਾਂ ਤੇ ਅਨਿਆਂ ਤੇ ਅਤਿਆਚਾਰ ਕਰਦੀ ਹੈ ਤਾਂ ਲੋਕਾਂ ਨੂੰ ਸਹਿਯੋਗ ਨਹੀਂ ਦੇਣਾ ਚਾਹੀਦਾ।

2. ਹੜਤਾਲ-ਗਾਂਧੀ ਜੀ ਦਾ ਹੜਤਾਲ ਤੋਂ ਭਾਵ ਸੀ ਕਿ ਰੋਸ ਵਜੋਂ ਸਭ ਕੰਮ ਬੰਦ ਕਰ ਦਿੱਤੇ ਜਾਣ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਮਹਾਤਮਾ ਗਾਂਧੀ ਕੌਣ ਸੀ?

ਪ੍ਰਸ਼ਨ:- ਗਾਂਧੀ ਜੀ ਦੇ ਅਹਿੰਸਾ ਸਬੰਧੀ ਵਿਚਾਰਾਂ ਦੀ ਵਿਆਖਿਆ ਕਰੋ।

ਪ੍ਰਸ਼ਨ:- ਹਿਜ਼ਰਤ ਤੋਂ ਗਾਂਧੀ ਜੀ ਦਾ ਕੀ ਭਾਵ ਹੈ?

ਪ੍ਰਸ਼ਨ:- ਸਵਰਾਜ ਸਬੰਧੀ ਗਾਂਧੀ ਜੀ ਦੇ ਵਿਚਾਰ ਦੱਸੋ।

## ਪਾਠ-8
## ਨੌਕਰਸ਼ਾਹੀ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:- ਨੌਕਰਸ਼ਾਹੀ ਦਾ ਹੋਰ ਨਾਂ ਕੀ ਹੈ?

(ੳ) ਵਿਧਾਨਪਾਲਿਕਾ (ਅ) ਸੰਚਾਰ ਦੇ ਸਾਧਨ (ੲ) ਅਸੈਨਿਕ ਸੇਵਾਵਾਂ (ਸ) ਨਿਆਂਪਾਲਿਕਾ ਦੇ ਅਧਿਕਾਰੀ

ਉੱਤਰ:-(ੲ) ਅਸੈਨਿਕ ਸੇਵਾਵਾਂ

ਪ੍ਰਸ਼ਨ:-ਭਾਰਤੀ ਨੌਕਰਸ਼ਾਹੀ ਇਕ ਸਮੂਹ ਹੈ-

(ੳ) ਪੇਸ਼ੇਵਰ ਅਧਿਕਾਰੀਆਂ ਦਾ (ਅ) ਰਾਜਨੀਤਿਕ ਅਧਿਕਾਰੀਆਂ ਦਾ

(ੲ) ਸ਼ਾਸਕ ਦਲ ਦੇ ਉਘੇ ਮੈਂਬਰਾਂ ਦਾ (ੲ) ਰਾਜਨੀਤਿਕ ਨੇਤਾਵਾਂ ਦਾ

ਉੱਤਰ:-(ੳ) ਪੇਸ਼ੇਵਰ ਅਧਿਕਾਰੀਆਂ ਦਾ

ਪ੍ਰਸ਼ਨ:- ਭਾਰਤੀ ਨੌਕਰਸ਼ਾਹੀ ਦੀ ਚੋਣ ਹੁੰਦੀ ਹੈ-

(ੳ) ਲੋਕਾਂ ਦੁਆਰਾ (ਅ) ਵਿਧਾਨ ਮੰਡਲ ਦੁਆਰਾ

(ੲ) ਰਾਸਟਰਪਤੀ ਦੁਆਰਾ (ਸ) ਖੁੱਲੇ ਮੁਕਾਬਲੇ ਦੀ ਪ੍ਰੀਖਿਆ ਦੁਆਰਾ

ਉੱਤਰ:- (ਸ) ਖੁੱਲੇ ਮੁਕਾਬਲੇ ਦੀ ਪ੍ਰੀਖਿਆ ਦੁਆਰਾ

ਪ੍ਰਸ਼ਨ:- ਕੋਈ ਅਜਿਹਾ ਕਾਰਜ ਦੱਸੋ ਜੋ ਅਸੈਨਿਕ ਅਧਿਕਾਰੀਆਂ ਰਾਹੀ ਨਹੀਂ ਕੀਤਾ ਜਾਂਦਾ ਹੈ-

(ੳ) ਮੰਤਰੀਆਂ ਦੀ ਸਹਾਇਤਾ ਕਰਨੀ (ਅ) ਨੀਤੀਆਂ ਬਣਾਉਣ ਵਿੱਚ ਸਹਾਇਤਾ ਕਰਨੀ

(ੲ) ਪ੍ਰਸਾਸਨ ਚਲਾਉਣਾ (ਸ) ਚੋਣ ਲੜਨਾ

ਉੱਤਰ:-(ਸ) ਚੋਣ ਲੜਨਾ

ਪ੍ਰਸ਼ਨ:- ਮੁਕਾਬਲੇ ਦੀਆਂ ਪ੍ਰੀਖਿਆਵਾਂ ਦੁਆਰਾ ਭਾਰਤ ਵਿੱਚ ਭਰਤੀ ਪ੍ਰਣਾਲੀ ਕਦੋਂ ਲਾਗੂ ਹੋਈ ਸੀ?

(ੳ) 1853 (ਅ) 1914 (ੲ) 1947 (ਸ) 1749

ਉੱਤਰ:- (ੳ)1853

**ਖਾਲੀ ਥਾਵਾਂ ਭਰੋ:**

ਪ੍ਰਸ਼ਨ:- ਨੌਕਰਸ਼ਾਹੀ ਲੋਕਤੰਤਰੀ ਪ੍ਰਣਾਲੀ ਦੀ __________ ਦੀ ਹੱਡੀ ਹੁੰਦੀ ਹੈ।

ਉੱਤਰ:- ਰੀੜ

ਪ੍ਰਸ਼ਨ:- ਨੌਕਰਸ਼ਾਹੀ ਦਾ ਦੂਜਾ ਨਾਮ __________ **ਵੀ ਹੈ।**

ਉੱਤਰ:- ਅਸੈਨਿਕ ਸੇਵਾਵਾਂ, ਅਫਸਰਸਾਹੀ, ਸਥਾਈ ਕਾਰਜਪਾਲਿਕਾ, ਲਾਲ ਫੀਤਾਸਾਹੀ

ਪ੍ਰਸ਼ਨ:- ਮੰਤਰੀਆਂ ਨੂੰ __________ ਦੇਣ ਅਤੇ ਨੀਤੀਆਂ ਬਣਾਉਣ ਵਿੱਚ ਮਦਦ ਕਰਨ ਤੇ ਲਾਗੂ ਕਰਨ ਦਾ ਕੰਮ ਨੌਕਰਸ਼ਾਹੀ ਦਾ ਹੈ।

ਉੱਤਰ:-ਸਲਾਹ

ਪ੍ਰਸ਼ਨ:- ਨਿਰਪੱਖਤਾ __________ ਨੂੰ ਨਿਪੁੰਨਤਾ ਪ੍ਰਦਾਨ ਕਰਦੀ ਹੈ।

ਉੱਤਰ:- ਨੌਕਰਸਾਹੀ

ਪ੍ਰਸ਼ਨ:- ਨੌਕਰਸਾਹੀ ਦੇ ਮੈਂਬਰਾਂ ਦਾ ਕਾਰਜਕਾਲ __________ ਹੁੰਦਾ ਹੈ।

ਉੱਤਰ:- ਸਥਾਈ

**ਸਹੀ ਮਿਲਾਨ ਕਰੋ:**

1. (ੳ) ਮਹਾਤਮਾ ਗਾਂਧੀ ⟶ ਅਹਿੰਸਾ

   (ਅ) ਨੌਕਰਸ਼ਾਹੀ ⟶ ਅਸੈਨਿਕ ਸੇਵਾਵਾਂ

2. (ੳ) ਚੋਣ ਮੰਡਲ ⟶ ਦੇਸ਼ ਦੇ ਸਮੁੱਚੇ ਮਤਦਾਤਾਵਾਂ ਨੂੰ

   (ਅ) ਨੌਕਰਸ਼ਾਹੀ ⟶ ਅਸੈਨਿਕ ਸੇਵਾਵਾਂ

3. (ੳ) ਬਿਊਰੋ ਸ਼ਬਦ → ਫਰਾਂਸੀਸੀ ਭਾਸ਼ਾ
(ਅ) ਕ੍ਰੇਸੀ → ਯੂਨਾਨੀ ਭਾਸ਼ਾ

4. (ੳ) ਬਿਊਰੋ ਦਾ ਅਰਥ → ਲਿਖਣ ਵਾਲਾ ਡੈਸਕ
(ਅ) ਕ੍ਰੇਸੀ → ਸਾਸ਼ਨ

5. 1. ਨੀਤੀਆਂ ਦਾ ਨਿਰਮਾਣ → ਰਾਜਨੀਤਿਕ ਕਾਰਜਪਾਲਿਕਾ (ਮੰਤਰੀ ਮੰਡਲ)
2. ਨੀਤੀਆਂ ਨੂੰ ਲਾਗੂ ਕਰਨਾ → ਨੌਕਰਸ਼ਾਹੀ।

**ਠੀਕ/ਗਲਤ**

1. ਨੌਕਰਸ਼ਾਹੀ ਦਾ ਦੂਜਾ ਨਾਮ ਅਸੈਨਿਕ ਸੇਵਾਵਾਂ ਵੀ ਹੈ। (✓)
2. ਭਾਰਤੀ ਨੌਕਰਸ਼ਾਹੀ ਨੂੰ ਰਾਜਨੀਤੀ ਵਿੱਚ ਖੁੱਲ੍ਹੇ ਰੂਪ ਵਿੱਚ ਭਾਗ ਲੈਣ ਦਾ ਅਧਿਕਾਰ ਪ੍ਰਾਪਤ ਹੈ। (×)
3. ਭਾਰਤੀ ਅਸੈਨਿਕ ਅਧਿਕਾਰੀ ਕੁੱਝ ਸਾਲਾਂ ਦੇ ਨਿਸਚਿਤ ਕਾਰਜਕਾਲ ਲਈ ਨਿਯੁਕਤ ਕੀਤੇ ਜਾਂਦੇ ਹਨ। (×)
4. ਭਾਰਤੀ ਨੌਕਰਸ਼ਾਹੀ ਪੇਸ਼ਾਵਰ ਅਧਿਕਾਰੀਆਂ ਦਾ ਸਮੂਹ ਹੈ। (✓)
5. ਸਥਾਈ ਕਾਰਜਪਾਲਿਕਾ ਦੇ ਮੈਂਬਰਾਂ ਦੀ ਨਿਯੁਕਤੀ ਰਾਜਨੀਤਿਕ ਆਧਾਰਾਂ ਤੋਂ ਮੁਕਤ ਯੋਗਤਾ ਦੇ ਆਧਾਰ ਤੇ ਹੁੰਦੀ ਹੈ। (✓)

**ਛੋਟੇ ਉੱਤਰ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਨੌਕਰਸਾਹੀ ਦਾ ਅਰਥ ਦੱਸੋ।
ਉੱਤਰ:-ਨੌਕਰਸ਼ਾਹੀ ਆਪਣੇ ਕਿੱਤੇ ਵਿੱਚ ਨਿਪੁੰਨ ਸਰਕਾਰੀ ਅਧਿਕਾਰੀਆਂ ਦਾ ਸਮੂਹ ਹੁੰਦਾ ਹੈ ਜੋ ਪਦਵੀ ਕਾਰਣ ਇੱਕ ਤਰਤੀਬ ਵਿੱਚ ਜੁੜੇ ਹੁੰਦੇ ਹਨ।
ਪ੍ਰਸ਼ਨ:-ਨੌਕਰਸ਼ਾਹੀ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?
ਉੱਤਰ:-1. ਨੌਕਰਸ਼ਾਹੀ ਪੇਸ਼ਾਵਰ ਅਧਿਕਾਰੀਆਂ ਦਾ ਸਮੂਹ ਹੈ।
2. ਨੌਕਰਸ਼ਾਹੀ ਦੀ ਨਿਯੁਕਤੀ ਯੋਗਤਾ ਦੇ ਆਧਾਰ ਤੇ ਕੀਤੀ ਜਾਂਦੀ ਹੈ।
ਪ੍ਰਸ਼ਨ:- ਨੌਕਰਸ਼ਾਹੀ ਦੇ ਕੋਈ ਦੋ ਕੰਮ ਦੱਸੋ।
ਉੱਤਰ:-1. ਮੰਤਰੀਆਂ ਨੂੰ ਸਹਿਯੋਗ ਦੇਣਾ।
2. ਸਰਕਾਰੀ ਨੀਤੀਆਂ ਨੂੰ ਲਾਗੂ ਕਰਨਾ।
ਪ੍ਰਸ਼ਨ:- ਅੰਗਰੇਜੀ ਭਾਸ਼ਾ ਦਾ ਸਬਦ Bureaucracy ਕਿਹੜੀ ਭਾਸ਼ਾ ਦੇ ਕਿਹੜੇ ਸਬਦ ਤੋਂ ਲਿਆ ਗਿਆ ਹੈ?
ਉੱਤਰ:- ਫਰਾਸੀਸੀ ਭਾਸ਼ਾ ਦਾ ਸਬਦ Bureauਅਤੇ ਯੂਨਾਨੀ ਭਾਸ਼ਾ ਦਾ ਸਬਦ Cracy ਨੂੰ ਮਿਲਾ ਕੇ ਬਣਿਆ ਹੈ।
ਪ੍ਰਸ਼ਨ:- ਨੌਕਰਸ਼ਾਹੀ ਨੂੰ ਸਥਾਈ ਕਾਰਜਪਾਲਿਕਾ ਕਿਉਂ ਕਹਿੰਦੇ ਹਨ?
ਉੱਤਰ:- ਕਿਉਂਕਿ ਨੌਕਰਸ਼ਾਹੀ ਦਾ ਕਾਰਜਕਾਲ ਨਿਸਚਿਤ ਉਮਰ ਦਾ ਹੁੰਦਾ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਨੌਕਰਸ਼ਾਹੀ ਦੇ ਸਬਦੀ ਅਰਥਾਂ ਦਾ ਵਰਣਨ ਕਰੋ।
ਪ੍ਰਸ਼ਨ:-ਸਥਾਈ ਕਾਰਜਪਾਲਿਕਾ ਤੋਂ ਕੀ ਭਾਵ ਹੈ?
ਪ੍ਰਸ਼ਨ:-ਰਾਜਨੀਤਿਕ ਕਾਰਜਪਾਲਿਕਾ ਦਾ ਕੀ ਅਰਥ ਹੈ?

## ਪਾਠ-9
## ਚੋਣ ਮੰਡਲ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:-ਚੋਣ ਮੰਡਲ ਕਹਿੰਦੇ ਹਨ-

1. ਦੇਸ ਦੇ ਸਾਰੇ ਲੋਕਾਂ ਨੂੰ
2. ਦੇਸ਼ ਦੇ ਕੇਵਲ ਪੁਰਖ ਮਤਦਾਤਾਵਾਂ ਨੂੰ
3 ਦੇਸ ਦੀਆਂ ਕੇਵਲ ਇਸਤਰੀ ਮਤਦਾਤਾਵਾਂ ਨੂੰ
4. ਦੇਸ਼ ਦੇ ਸਮੁੱਚੇ ਮਤਦਾਤਾਵਾਂ ਨੂੰ

ਉੱਤਰ:- (4) ਦੇਸ਼ ਦੇ ਸਮੁੱਚੇ ਮਤਦਾਤਾਵਾਂ ਨੂੰ

ਪ੍ਰਸ਼ਨ:-ਸਰਵ ਵਿਆਪਕ ਮਤ ਅਧਿਕਾਰ ਹੁੰਦਾ ਹੈ:-

1. ਕੇਵਲ ਪੁਰਖਾਂ ਨੂੰ ਮਤ ਅਧਿਕਾਰ ਦੇਣਾ
2. ਹਰੇਕ ਪੁਰਖ ਅਤੇ ਹਰੇਕ ਇਸਤਰੀ ਨੂੰ ਮਤ ਅਧਿਕਾਰ ਦੇਣਾ
3. ਪੜ੍ਹੇ ਲਿਖੇ ਅਤੇ ਪਦਵੀਆਂ ਤੇ ਲੱਗੇ ਹੋਏ ਵਿਅਕਤੀਆਂ ਨੂੰ ਮਤ ਅਧਿਕਾਰ ਦੇਣਾ
4. ਬਾਲਗ ਲਈ ਨਿਸਚਿਤ ਕੀਤੀ ਉਮਰ ਪ੍ਰਾਪਤ ਕਰਨ ਵਾਲੇ ਹਰੇਕ ਪੁਰਖ ਅਤੇ ਇਸਤਰੀ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਮਤ ਅਧਿਕਾਰ ਦੇਣਾ।

ਉੱਤਰ:- (4) ਬਾਲਗ ਲਈ ਨਿਸ਼ਚਿਤ ਕੀਤੀ ਉਮਰ ਪ੍ਰਾਪਤ ਕਰਨ ਵਾਲੇ ਹਰੇਕ ਪੁਰਖ ਅਤੇ ਇਸਤਰੀ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ ਮਤ-ਅਧਿਕਾਰ ਦੇਣਾ

ਪ੍ਰਸ਼ਨ:- ਪੇਸ਼ੇਵਾਰ ਪ੍ਰਤੀਨਿਧਤਾ ਪ੍ਰਣਾਲੀ ਉਹ ਹੁੰਦੀ ਹੈ ਜਿਥੇ-

1. ਜਿਥੇ ਚੋਣ ਖੇਤਰਾਂ ਨੂੰ ਪੇਸ਼ਿਆਂ ਦੇ ਆਧਾਰ ਤੇ ਨਿਸਚਿਤ ਕੀਤਾ ਜਾਣਾ।
2. ਖੇਤਰ ਦੇ ਆਧਾਰ ਤੇ ਚੋਣ ਖੇਤਰ ਨਿਸਚਿਤ ਕੀਤੇ ਜਾਣ।
3. ਕੇਵਲ ਨੌਕਰੀਆਂ ਕਰਨ ਵਾਲਿਆਂ ਲਈ ਚੋਣ ਖੇਤਰ ਨਿਸਚਿਤ ਕੀਤੇ ਜਾਣ।
4. ਅਪਰਾਧੀਆਂ ਅਤੇ ਰਾਜਨੀਤਿਕ ਵਿਰੋਧੀਆਂ ਲਈ ਅਧਿਕਾਰ ਨਿਸਚਿਤ ਕੀਤੇ ਜਾਣ।

ਉੱਤਰ:-(1) ਜਿਥੇ ਚੋਣ ਖੇਤਰਾਂ ਨੂੰ ਪੇਸ਼ਿਆਂ ਦੇ ਆਧਾਰ ਤੇ ਨਿਸ਼ਚਿਤ ਕੀਤਾ ਜਾਣਾ

ਪ੍ਰਸ਼ਨ:- ਉਦਾਰਵਾਦੀ ਲੋਕਤੰਤਰੀ ਪ੍ਰਣਾਲੀ ਵਿੱਚ ਅਪਣਾਈ ਜਾਂਦੀ ਹੈ:-

1. ਖੇਤਰੀ ਪ੍ਰਤੀਨਿਧਤਾ ਪ੍ਰਣਾਲੀ
2. ਨਾਮਜਦਗੀਆਂ ਕਰਨ ਅਤੇ ਧਰਮ ਦੇ ਨਾਮ ਤੇ ਸਥਾਨ ਰਾਖਵੇਂ ਰੱਖਣ ਦੀ ਪ੍ਰਣਾਲੀ
3. ਪ੍ਰਤੀਨਿਧਾ ਲਈ ਅਪ੍ਰਤੱਖ ਚੋਣ ਪ੍ਰਣਾਲੀ
4. ਕੇਵਲ ਪੂੰਜੀਪਤੀਆਂ ਦੁਆਰਾ ਚੁਣੇ ਜਾਣ ਵਾਲੀ ਪ੍ਰਤੀਨਿਧ ਪ੍ਰਣਾਲੀ।

ਉੱਤਰ:- (1) ਖੇਤਰੀ ਪ੍ਰਤੀਨਿਧਤਾ ਪ੍ਰਣਾਲੀ

ਪ੍ਰਸ਼ਨ:- ਕਿਹੜੇ ਦੇਸ਼ ਨੂੰ ਲੋਕਤੰਤਰ ਦਾ ਘਰ ਹੋਣ ਦਾ ਮਾਣ ਪ੍ਰਾਪਤ ਹੈ?

1. ਭਾਰਤ
2. ਸੰਯੁਕਤ ਰਾਜ ਅਮਰੀਕਾ
3. ਇੰਗਲੈਂਡ
4. ਸਵਿਟਰਜ਼ਰਲੈਂਡ

ਉੱਤਰ:- (4) ਸਵਿਟਜ਼ਰਲੈਂਡ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:- __________ਪ੍ਰਣਾਲੀ ਵਿੱਚ ਚੋਣ ਮੰਡਲ ਦਾ ਸਹੀ ਮਹੱਤਵ ਹੁੰਦਾ ਹੈ।

ਉੱਤਰ:- ਲੋਕਤੰਤਰੀ

ਪ੍ਰਸ਼ਨ:- ਪ੍ਰਤੀਨਿਧਾਂ ਦੀ ਚੋਣ __________ਤਾਨਾਸ਼ਾਹੀ ਵਿੱਚ ਨਹੀਂ ਹੁੰਦੀ।

ਉੱਤਰ:- ਲੋਕਾਂ ਦੁਆਰਾ

ਪ੍ਰਸ਼ਨ:- __________ਦੇ ਕਈ ਸਿਧਾਂਤ ਹਨ।

ਉੱਤਰ:- ਪ੍ਰਤੀਨਿਧਤਾ

ਪ੍ਰਸ਼ਨ:- ਜਾਤੀ, ਧਰਮ, ਲਿੰਗ, ਸੰਪਤੀ ਆਦਿ ਦੇ ਅਧਾਰ ਤੇ .......... ਦੇ ਅਣਲੋਕਤੰਤਰੀ ਹੈ।

ਉੱਤਰ:- ਮੱਤ ਅਧਿਕਾਰ

ਪ੍ਰਸ਼ਨ:- ਪੇਸ਼ਾਵਰ ਪ੍ਰਤੀਨਿਧਤਾ ਵਿੱਚ ਚੋਣ ਖੇਤਰ ________ ਦੇ ਆਧਾਰ ਤੇ ਨਿਸਚਿਤ ਕੀਤੇ ਜਾਂਦੇ ਹਨ।
ਉੱਤਰ:- ਪੇਸ਼ਿਆਂ

**ਸਹੀ ਮਿਲਾਨ ਕਰੋ:**

| | | |
|---|---|---|
| 1. | (ੳ) ਸੰਯੁਕਤ ਰਾਜ ਅਮਰੀਕਾ | (ਅ) ਸੰਸਦੀ ਸਾਸ਼ਨ ਪ੍ਰਣਾਲੀ |
| | (ਅ) ਇੰਗਲੈਂਡ | (ੳ) ਪ੍ਰਧਾਨਗੀ ਸਾਧਨ ਪ੍ਰਣਾਲੀ |
| 2. | (ੳ) ਨਾ ਮਾਤਰ ਕਾਰਜਪਾਲਿਕਾ | (ਅ) ਪ੍ਰਧਾਨ ਮੰਤਰੀ ਅਤੇ ਉਸਦਾ ਮੰਤਰੀ ਮੰਡਲ |
| | (ਅ) ਅਸਲੀ ਕਾਰਜਪਾਲਿਕਾ | (ੳ) ਰਾਸ਼ਟਰਪਤੀ |
| 3. | (ੳ) ਕੇਂਦਰੀ ਅਸੈਨਿਕ ਸੇਵਾਵਾਂ ਦੀ ਚੋਣ | (ਅ) ਰਾਜ ਲੋਕ ਸੇਵਾ ਆਯੋਗ |
| | (ਅ) ਰਾਜ ਅਸੈਨਿਕ ਸੇਵਾਵਾਂ | (ੳ) ਸੰਘ ਲੋਕ ਸੇਵਾ ਆਯੋਗ |
| 4. | (ੳ) .ਬਾਲਗ ਵੋਟ ਅਧਿਕਾਰ | (ੳ) 18 ਸਾਲ |
| | (ਅ) ਲੋਕ ਸਭਾ ਦੀ ਚੋਣ ਲੜਨ ਲਈ ਉਮਰ | (ਅ) 25 ਸਾਲ |
| 5. | (ੳ) . ਪੇਸਾਵਰ ਪ੍ਰਤੀਨਿਧਤਾ ਪ੍ਰਣਾਲੀ | (ਅ) ਵਸੋਂ ਦੇ ਆਧਾਰ ਤੇ ਚੋਣ ਖੇਤਰਾਂ ਦੀ ਵੰਡ |
| | (ਅ) ਪ੍ਰਾਦੇਸ਼ਿਕ ਪ੍ਰਤੀਨਿਧਤਾ | (ੳ) ਪੇਸ਼ਿਆਂ ਦੇ ਆਧਾਰ ਤੇ |
| 6. | (ੳ) ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਚੋਣ | (ਅ) ਅਪ੍ਰੱਤਖ ਚੋਣ ਢੰਗ |
| | (ਅ) ਰਾਸ਼ਟਰਪਤੀ ਦੀ ਚੋਣ | (ੳ) ਪ੍ਰਤੱਖ ਚੋਣ ਢੰਗ |

**ਠੀਕ/ਗਲਤ**

1. ਸਮੁੱਚੇ ਮਤਦਾਤਾਵਾਂ ਨੂੰ ਸਮੂਹਿਕ ਤੌਰ ਤੇ ਚੋਣ ਮੰਡਲ ਕਿਹਾ ਜਾਂਦਾ ਹੈ। (✓)
2. ਮਤ ਅਧਿਕਾਰ ਪ੍ਰਦਾਨ ਕਰਨ ਦਾ ਸਰਵਉਤਮ ਆਧਾਰ ਬਾਲਗ ਆਯੂ ਗ੍ਰਹਿਣ ਕਰਨ ਨੂੰ ਮੰਨਿਆ ਜਾਂਦਾ ਹੈ। (✓)
3. ਇਸਤਰੀਆਂ ਨੂੰ ਮਤ ਅਧਿਕਾਰ ਦੇਣਾ ਲੋਕਤੰਤਰ ਦੀ ਜਰੂਰੀ ਵਿਸ਼ੇਸ਼ਤਾ ਹੈ। (✓)
4. ਭਾਰਤ ਪਹਿਲਾ ਦੇਸ਼ ਹੈ। ਜਿਸਨੇ ਆਪਣੇ ਦੇਸ਼ ਦੀਆਂ ਇਸਤਰੀਆਂ ਨੂੰ ਆਪਣੇ ਪੁਰਖਾਂ ਦੇ ਸਮਾਨ ਮਤ ਅਧਿਕਾਰ ਸੁਤੰਤਰ ਭਾਰਤ ਦੇ ਸੰਵਿਧਾਨ ਦੇ ਲਾਗੂ ਹੋਣ ਤੇ ਹੀ ਦੇ ਦਿੱਤਾ ਸੀ। (✓)
5. ਮਤ ਅਧਿਕਾਰ ਕੇਵਲ ਪੜ੍ਹੇ ਲਿਖੇ ਲੋਕਾਂ ਤੱਕ ਹੀ ਸੀਮਿਤ ਰਹਿਣਾ ਜਰੂਰੀ ਹੈ। (×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਸਮੁੱਚੇ ਮੱਤਦਾਤਾਵਾਂ ਨੂੰ ਸਮੂਹਿਕ ਰੁਪ ਵਿੱਚ ਕੀ ਕਹਿੰਦੇ ਹਨ?
ਉੱਤਰ:-ਸਮੁੱਚੇ ਮਤਦਾਤਾਵਾਂ ਨੂੰ ਸਮੂਹਿਕ ਰੂਪ ਵਿੱਚ ਚੋਣ ਮੰਡਲ ਕਹਿੰਦੇ ਹਨ।
ਪ੍ਰਸ਼ਨ:- ਬਾਲਗ ਪੁਰਖ ਮਤ ਅਧਿਕਾਰ ਤੋਂ ਕੀ ਭਾਵ ਹੈ?
ਉੱਤਰ:- ਕੇਵਲ ਬਾਲਗ ਪੁਰਖਾਂ ਨੂੰ ਮਤ ਅਧਿਕਾਰ ਦੇਣਾ ਅਤੇ ਇਸਤਰੀਆਂ ਨੂੰ ਇਸ ਅਧਿਕਾਰ ਤੋਂ ਵੰਚਿਤ ਰੱਖਣਾ।
ਪ੍ਰਸ਼ਨ:-ਸਰਵ ਵਿਆਪਕ ਬਾਲਗ ਮੱਤ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ?
ਉੱਤਰ:- ਬਾਲਗ ਬਣਨ ਲਈ ਨਿਸ਼ਚਿਤ ਆਯੂ ਗ੍ਰਹਿਣ ਕਰਨ ਵਾਲੇ ਹਰੇਕ ਪੁਰਖ ਅਤੇ ਇਸਤਰੀ ਨੂੰ ਬਿਨਾਂ ਭੇਦ ਭਾਵ ਦੇ ਮੱਤ ਅਧਿਕਾਰ ਦੇਣਾ।
ਪ੍ਰਸ਼ਨ:- ਮਹਿਲਾ ਮਤ ਅਧਿਕਾਰ ਦਾ ਕੀ ਅਰਥ ਹੈ?
ਉੱਤਰ:- ਮਹਿਲਾ ਮਤ ਅਧਿਕਾਰ ਦਾ ਅਰਥ ਹੈ ਬਿਨਾਂ ਕਿਸੇ ਭੇਦਭਾਵ ਦੇ ਮਹਿਲਾਵਾਂ ਨੂੰ ਮਤ ਅਧਿਕਾਰ ਦੇਣਾ।
ਪ੍ਰਸ਼ਨ:- ਚੋਣਾਂ ਲੋਕਤੰਤਰੀ ਪ੍ਰਣਾਲੀ ਵਿੱਚ ਕਿਹੜੀ ਵਿਧੀ ਦੁਆਰਾ ਹੋਣੀਆਂ ਚਾਹੀਦੀਆਂ ਹਨ?
ਉੱਤਰ:- ਚੋਣਾਂ ਲੋਕਤੰਤਰੀ ਪ੍ਰਣਾਲੀ ਵਿੱਚ ਪ੍ਰਤੱਖ ਵਿਧੀ ਦੁਆਰਾ ਹੋਣੀਆਂ ਚਾਹੀਦੀਆਂ ਹਨ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਚੋਣ ਮੰਡਲ ਕੀ ਹੁੰਦਾ ਹੈ?
ਪ੍ਰਸ਼ਨ:-ਬਾਲਗ ਮਤ-ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ?
ਪ੍ਰਸ਼ਨ:-ਪੇਸ਼ੇਵਰ ਪ੍ਰਤੀਨਿਧਤਾ ਤੋਂ ਕੀ ਭਾਵ ਹੈ?
ਪ੍ਰਸ਼ਨ:-ਪ੍ਰਤੱਖ ਚੋਣ ਵਿਧੀ ਤੋਂ ਤੁਹਾਡਾ ਕੀ ਭਾਵ ਹੈ?

## ਪਾਠ-10
## ਲੋਕਮਤ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:-"ਲਗਾਤਾਰ ਸੁਚੇਤਤਾ ਸੁਤੰਤਰਤਾ ਦਾ ਮੁੱਲ ਹੈ"। ਇਹ ਸ਼ਬਦ ਕਿਸ ਰਾਜਨੀਤਿਕ ਵਿਗਿਆਨੀ ਨੇ ਕਹੇ-

1.ਲਾਰਡ ਬ੍ਰਾਈਸ 2. ਵਿਲੋਬੀ
3. ਲਾਵੈਲ 4. ਡਾ. ਬੈਨੀ ਪ੍ਰਸਾਦ

ਉੱਤਰ:- (1) ਲਾਰਡ ਬ੍ਰਾਈਸ

ਪ੍ਰਸ਼ਨ:- ਲੋਕਮਤ ਦੇ ਨਿਰਮਾਣ ਤੇ ਪ੍ਰਗਟਾਵੇ ਦੇ ਬਿਜਲਈ ਸਾਧਨ ਨਹੀ ਹਨ-

1. ਆਕਾਸ਼ਬਾਣੀ ਤੇ ਦੂਰਦਰਸ਼ਨ 2. ਵਿਦਿਅਕ ਸੰਸਥਾਵਾਂ
3. ਸਿਨੇਮਾ 4. ਪ੍ਰੈਸ

ਉੱਤਰ:- (2) ਵਿਦਿੱਅਕ ਸੰਸਥਾਵਾਂ

ਪ੍ਰਸ਼ਨ:-ਦ੍ਰਿੜ ਜਾ ਸਵਸਥ ਲੋਕਮਤ ਦਾ ਨਿਰਮਾਣ ਕਰਨ ਦੇ ਰਸਤੇ ਵਿੱਚ ਰੁਕਾਵਟ ਹੈ-

1.ਅਗਿਆਨਤਾ 2. ਪੱਖਪਾਤੀ ਪ੍ਰੈਸ
3. ਸਿਧਾਂਤਹੀਣ ਰਾਜਨੀਤਿਕ ਦਲ 4. ਉਪਰੋਕਤ ਸਾਰੇ

ਉੱਤਰ:- (4) ਉਪਰੋਕਤ ਸਾਰੇ

ਪ੍ਰਸ਼ਨ:- ਲੋਕਮਤ ਕਿਸ ਪ੍ਰਣਾਲੀ ਵਿੱਚ ਵਧੇਰੇ ਮਹੱਤਵਪੂਰਨ ਹੈ।

1. ਰਾਜਤੰਤਰੀ ਪ੍ਰਣਾਲੀ ਵਿੱਚ 2. ਕੁਲੀਨਤੰਤਰੀ ਪ੍ਰਣਾਲੀ ਵਿੱਚ
3. ਲੋਕਤੰਤਰੀ ਪ੍ਰਣਾਲੀ ਵਿੱਚ 4. ਸੈਨਿਕ ਤਾਨਾਸ਼ਾਹੀ ਵਿੱਚ

ਉੱਤਰ:- (3) ਲੋਕਤੰਤਰੀ ਪ੍ਰਣਾਲੀ ਵਿੱਚ

ਪ੍ਰਸ਼ਨ:- ਇਹ ਕਿਸ ਦਾ ਕਥਨ ਹੈ, " ਕੋਈ ਮਤ ਸਹੀ ਅਰਥਾਂ ਵਿੱਚ ਉਸ ਸਮੇਂ ਹੀ ਲੋਕਮਤ ਬਣਦਾ ਹੈ। ਜਦੋਂ ਉਹ ਸਮੁੱਚੇ ਸਮਾਜ ਦੇ ਕਲਿਆਣ ਦੀ ਭਾਵਨਾ ਨਾਲ ਪ੍ਰੇਰਿਤ ਹੋਵੇ।"

1. ਲਾਰਡ ਬਰਾਇਸ 2. ਲਾਵੇਲ
3. ਐਸ.ਈ.ਫ਼ਾਈਨਰ 4. ਡਾ. ਬੇਨੀ ਪ੍ਰਸ਼ਾਦ

ਉੱਤਰ:-(4) ਡਾ. ਬੇਨੀ ਪ੍ਰਸਾਦ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-ਲੋਕ ਮਤ ਲਈ ____________ ਹੋਣਾ ਜ਼ਰੂਰੀ ਹੈ।

ਉੱਤਰ:- ਤਰਕਸ਼ੀਲ

ਪ੍ਰਸ਼ਨ:- ____________ਵਿੱਚ ਹੋਣਾ ਲੋਕਮਤ ਦੀ ਇੱਕ ਮਹੱਤਵਪੂਰਨ ਵਿਸ਼ੇਸਤਾ ਹੈ।

ਉੱਤਰ:- ਲੋਕ ਹਿੱਤ

ਪ੍ਰਸ਼ਨ:- ਅਨਪੜ੍ਹਤਾ ਲੋਕ ਮਤ ਦੇ ਨਿਰਮਾਣ ਲਈ ____________ਸਿੱਧ ਹੁੰਦੀ ਹੈ।

ਉੱਤਰ:-ਰੁਕਾਵਟ

ਪ੍ਰਸ਼ਨ:-ਸੰਚਾਰ ਦੇ ਸਾਧਨ.......... ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਉੱਤਰ:-ਲੋਕਮੱਤ

ਪ੍ਰਸ਼ਨ:-ਸਵੱਛ ਅਤੇ ਦ੍ਰਿੜ ਲੋਕਮਤ ਦੇ ____________ਲਈ ਲੋਕਾਂ ਦਾ ਪੜ੍ਹਿਆ ਲਿਖਿਆ ਹੋਣਾ ਜਰੂਰੀ ਹੈ।

ਉੱਤਰ :- ਨਿਰਮਾਣ

**ਸਹੀ ਮਿਲਾਨ ਕਰੋ;-**

1. (ੳ) ਲੋਕ ਮਤ → (ਅ) ਦੇਸ਼ ਦੇ ਸਮੁੱਚੇ ਮਤਦਾਤਾਵਾਂ ਨੂੰ
(ਅ) ਚੋਣ ਮੰਡਲ → (ੳ) ਜਨਤਾ ਦੀ ਰਾਇ

2. (ੳ) ਲੋਕਮਤ ਦੀ ਰੁਕਾਵਟ → (ੳ) ਅਨਪੜ੍ਹਤਾ
   (ਅ) ਲੋਕਮਤ ਦੇ ਪ੍ਰਗਟਾਵੇ → (ਅ) ਜਨਤਕ ਸਭਾਵਾਂ

3. (ੳ) ਲੋਕਮਤ ਦਾ ਸਰੂਪ → (ੳ)ਸਕਾਰਾਤਮਕ
   (ਅ) ਲੋਕ ਮਤ ਦੀ ਵਿਸ਼ੇਸ਼ਤਾ → (ਅ) ਆਮ ਸਹਿਮਤੀ

4. (ੳ) ਲੋਕਮਤ ਦੀ ਰੁਕਾਵਟ → (ੳ) ਗਰੀਬੀ
   (ਅ) ਲੋਕਮਤ ਦੇ ਪ੍ਰਗਟਾਵੇ ਦਾ ਸਾਧਨ → (ਅ) ਵਿਦਿਅਕ ਸੰਸਥਾਵਾਂ

**ਠੀਕ/ਗਲਤ**

1. ਬਹੁਮਤ ਨੂੰ ਲੋਕਮਤ ਦਾ ਨਾਮ ਦਿੱਤਾ ਜਾਂਦਾ ਹੈ। (×)
2. ਜਿਹੜਾ ਮਤ ਲੋਕ ਹਿੱਤਾਂ ਵਿੱਚ ਨਾ ਹੋਵੇ ਉਸਨੂੰ ਲੋਕਮਤ ਕਹਿਣਾ ਵਧੇਰੇ ਉਚਿਤ ਹੋਵੇਗਾ। (×)
3. ਲੋਕ-ਮਤ ਦਾ ਤਰਕਪੂਰਨ ਹੋਣਾ ਜਰੂਰੀ ਹੈ। (✓)
4. ਰਾਜਨੀਤਿਕ ਦਲਾਂ ਦੁਆਰਾ ਲੋਕ ਮਤ ਦਾ ਪ੍ਰਗਟਾਵਾ ਅਤੇ ਨਿਰਮਾਣ ਕੀਤਾ ਜਾਂਦਾ ਹੈ। (✓)
5. ਚੋਣਾਂ ਸਮੇਂ ਲੋਕਮਤ ਦਾ ਪ੍ਰਗਟਾਵਾ ਵੀ ਹੁੰਦਾ ਹੈ ਅਤੇ ਇਸਦਾ ਨਿਰਮਾਣ ਵੀ ਹੁੰਦਾ ਹੈ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਲੋਕ-ਮਤ ਕੀ ਹੈ?

ਉੱਤਰ:-ਲੋਕਮਤ ਤੋਂ ਸਾਡਾ ਭਾਵ ਸਰਵਜਨਕ ਮਾਮਲਿਆਂ ਉਤੇ ਜਨਤਾ ਦੀ ਰਾਇ ਹੈ।

ਪ੍ਰਸ਼ਨ:-ਸਮਾਚਾਰ ਪੱਤਰ ਲੋਕਮਤ ਦੇ ਨਿਰਮਾਣ ਵਿੱਚ ਕੀ ਭੂਮਿਕਾ ਨਿਭਾਉਂਦੇ ਹਨ?

ਉੱਤਰ:-ਸਮਾਚਾਰ ਪੱਤਰ ਜਨਤਾ ਨੂੰ ਦੈਨਿਕ ਘਟਨਾਵਾਂ ਅਤੇ ਸਮਾਚਾਰਾਂ ਤੋਂ ਜਾਣੂ ਕਰਵਾਉਂਦਾ ਹੈ। ਇਹ ਸਰਕਾਰ ਦੇ ਕੰਮਾਂ ਦੀ ਪ੍ਰਸ਼ੰਸਾ ਅਤੇ ਆਲੋਚਨਾ ਕਰਦੇ ਹਨ।

ਪ੍ਰਸ਼ਨ:-ਸਿਹਤਮੰਦ ਲੋਕਮਤ ਦੇ ਨਿਰਮਾਣ ਦੀਆਂ ਕੋਈ ਦੋ ਰੁਕਾਵਟਾਂ ਦੱਸੋ।

ਉੱਤਰ:-1. ਅਨਪੜ੍ਹਤਾ 2. ਪੱਖਪਾਤੀ ਪ੍ਰੈਸ

ਪ੍ਰਸ਼ਨ:-ਲੋਕਮਤ ਦੇ ਨਿਰਮਾਣ ਅਤੇ ਪ੍ਰਗਟਾਵੇ ਦੇ ਦੋ ਸਾਧਨ ਦੱਸੋ।

ਉੱਤਰ:-1. ਜਨਤਕ ਸਭਾਵਾਂ 2. ਰਾਜਨੀਤਿਕ ਦਲ

ਪ੍ਰਸ਼ਨ:-ਲੋਕਮਤ ਦੇ ਨਿਰਮਾਣ ਵਿੱਚ ਰਾਜਨੀਤਿਕ ਦਲ ਦੀ ਭੂਮਿਕਾ ਨਿਭਾਉਂਦੇ ਹਨ?

ਉੱਤਰ:-ਰਾਜਨੀਤਿਕ ਦਲ ਲੋਕਾਂ ਦੇ ਸਾਹਮਣੇ ਦੇਸ ਦੀਆਂ ਵੱਖ-ਵੱਖ ਸਮਸਿਆਵਾਂ ਉਤੇ ਆਪਣੇ ਵਿਚਾਰ ਰੱਖਦੇ ਹਨ ਅਤੇ ਹੱਲ ਕਰਨ ਲਈ ਆਪਣਾ ਕਾਰਜਕ੍ਰਮ ਪੇਸ਼ ਕਰਦੇ ਹਨ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਲੋਕ ਮਤ ਤੋਂ ਕੀ ਭਾਵ ਹੈ?

ਪ੍ਰਸ਼ਨ:-ਲੋਕਮਤ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ:-ਲੋਕਮਤ ਦੇ ਨਿਰਮਾਣ ਵਿੱਚ ਸਹਾਇਕ ਦੋ ਸਾਧਨਾਂ ਬਾਰੇ ਲਿਖੋ।

# ਪਾਠ-11
# ਦਲ ਪ੍ਰਣਾਲੀ

**ਬਹੁਵਿਕਲਪੀ ਪ੍ਰਸ਼ਨ:**

ਪ੍ਰਸ਼ਨ:-ਕਿਹੜਾ ਰੂਪ ਦਲ ਪ੍ਰਣਾਲੀ ਦਾ ਨਹੀਂ ਹੈ?

(ੳ) ਇਕ ਦਲ ਪ੍ਰਣਾਲੀ (ਅ) ਦੋ ਦਲ ਪ੍ਰਣਾਲੀ

(ੲ) ਬਹੁ ਦਲ ਪ੍ਰਣਾਲੀ (ਸ) ਇਕੋ ਹੀ ਵਿਚਾਰਧਾਰਾ ਤੇ ਆਧਾਰਿਤ ਅਨੇਕਾਂ ਰਾਜਨੀਤਿਕ ਦਲਾਂ ਦੀ ਪ੍ਰਣਾਲੀ।

ਉੱਤਰ:-(ਸ) ਇਕੋ ਹੀ ਵਿਚਾਰਧਾਰਾ ਤੇ ਆਧਾਰਿਤ ਅਨੇਕਾਂ ਰਾਜਨੀਤਿਕ ਦਲਾਂ ਦੀ ਪ੍ਰਣਾਲੀ।

ਪ੍ਰਸ਼ਨ:- ਜੇਕਰ ਕਿਸੇ ਦੇਸ਼ ਵਿੱਚ ਕੇਵਲ ਇਕ ਦਲ ਹੀ ਹੋਵੇ ਤਾਂ ਉਹ ਦਲ ਪ੍ਰਣਾਲੀ ਦਾ ਕਿਹੜਾ ਰੂਪ ਹੋਵੇਗਾ?

(ੳ) ਬਹੁ ਦਲ ਪ੍ਰਣਾਲੀ (ਅ) ਇਕ ਦਲ ਦੀ ਪ੍ਰਮੁੱਖਤਾ ਵਾਲੀ ਦਲ ਪ੍ਰਣਾਲੀ

(ੲ) ਇਕ ਦਲ ਪ੍ਰਣਾਲੀ (ਸ) ਦੋ ਦਲ ਪ੍ਰਣਾਲੀ

ਉੱਤਰ:- (ੲ) ਇਕ ਦਲ ਪ੍ਰਣਾਲੀ

ਪ੍ਰਸ਼ਨ:- ਦੋ ਦਲ ਪ੍ਰਣਾਲੀ ਲਈ ਕਿਹੜੀ ਸ਼ਰਤ ਹੋਣੀ ਜਰੂਰੀ ਹੈ?

(ੳ) ਬਹੁ ਰਾਜਨੀਤਿਕ ਦਲਾਂ ਦੀ ਅਣਹੋਂਦ

(ਅ) ਸਾਮਵਾਦੀ ਵਿਚਾਰਧਾਰਾ ਤੇ ਆਧਾਰਿਤ ਦੋ ਰਾਜਨੀਤਿਕ ਦਲਾਂ ਦੀ ਹੋਂਦ

(ੲ) ਉਦਾਰਵਾਦ ਦੇ ਸਮਰਥਕ ਤਿੰਨ ਰਾਜਨੀਤਿਕ ਦਲਾਂ ਦੀ ਹੋਂਦ

(ਸ) ਵੱਖ-ਵੱਖ ਵਿਚਾਰਧਾਰਾਵਾਂ ਤੇ ਆਧਾਰਿਤ ਦੋ ਮਹੱਤਵਪੂਰਨ ਰਾਜਨੀਤਿਕ ਦਲਾਂ ਦੀ ਹੋਂਦ।

ਉੱਤਰ:- (ਸ)ਵੱਖ-ਵੱਖ ਵਿਚਾਰਧਾਰਾਵਾਂ ਤੇ ਆਧਾਰਿਤ ਦੋ ਮਹੱਤਵਪੂਰਨ ਰਾਜਨੀਤਿਕ ਦਲਾਂ ਦੀ ਹੋਂਦ।

ਪ੍ਰਸ਼ਨ:- ਕਿਹੜੀ ਪ੍ਰਕਾਰ ਦੇ ਰਾਜਨੀਤਿਕ ਦਲ ਨਹੀਂ ਹੁੰਦੇ ਹਨ?

(ੳ) ਰੂੜੀਵਾਦੀ ਰਾਜਨੀਤਿਕ ਦਲ (ਅ) ਪ੍ਰਗਤੀਸ਼ੀਲ ਰਾਜਨੀਤਿਕ ਦਲ

(ੲ) ਖੱਬੇ-ਪੱਖੀ ਰਾਜਨੀਤਿਕ ਦਲ (ਸ)ਜਨ-ਵਿਰੋਧੀ ਰਾਜਨੀਤਿਕ ਦਲ

ਉੱਤਰ:-(ਸ) ਜਨ-ਵਿਰੋਧੀ ਰਾਜਨੀਤਿਕ ਦਲ

ਪ੍ਰਸ਼ਨ:- ਦੋ ਦਲ ਪ੍ਰਣਾਲੀ ਵਿਚ ਕਿੰਨੇ ਦਲ ਹੋ ਸਕਦੇ ਹਨ?

(ੳ) ਤਿੰਨ ਰਾਜਨੀਤਿਕ ਦਲ (ਅ) ਕੇਵਲ ਦੋ ਮਹੱਤਵਪੂਰਨ ਰਾਜਨੀਤਿਕ ਦਲ

(ੲ) ਬਹੁ ਦਲ (ਸ) ਸਮਾਜਵਾਦੀ ਵਿਚਾਰਧਾਰਾ ਵਾਲੇ ਰਾਜਨੀਤਿਕ ਦਲ

ਉੱਤਰ:- (ਅ) ਕੇਵਲ ਦੋ ਮਹੱਤਵਪੂਰਨ ਰਾਜਨੀਤਿਕ ਦਲ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:-____________ਤੋਂ ਬਿਨਾਂ ਲੋਕਤੰਤਰ ਸੰਭਵ ਨਹੀਂ ਹੈ।

ਉੱਤਰ:- ਰਾਜਨੀਤਿਕ ਦਲਾਂ

ਪ੍ਰਸ਼ਨ:-ਦਲ ਪ੍ਰਣਾਲੀ ਅਤੇ ਰਾਜਨੀਤਿਕ ਦਲਾਂ ਦੀਆਂ .............. ਵਿੱਚ ਅੰਤਰ ਹੈ।

ਉੱਤਰ:- ਕਿਸਮਾਂ

ਪ੍ਰਸ਼ਨ:- ਜਿਸ ਦੇਸ਼ ਵਿੱਚ ਇੱਕ ਹੀ ਰਾਜਨੀਤਿਕ ਦਲ ਹੋਵੇ ਉਸ ਨੂੰ ____________ਕਹਿੰਦੇ ਹਨ।

ਉੱਤਰ:- ਇਕ ਦਲ ਪ੍ਰਣਾਲੀ

ਪ੍ਰਸ਼ਨ:-ਦਲ ਪ੍ਰਣਾਲੀ ਦੀਆਂ ਕਿਸਮਾਂ ________ਦੀ ______ ਦੇ ਆਧਾਰ ਤੇ ਨਿਸਚਿਤ ਕੀਤੀਆਂ ਹਨ।

ਉੱਤਰ:- ਰਾਜਨੀਤਿਕ ਦਲਾਂ, ਗਿਣਤੀ

ਪ੍ਰਸ਼ਨ:- ਜਿਸ ਦੇਸ਼ ਵਿੱਚ ਦੋ ਹੀ ਮਹੱਤਵਪੂਰਨ ਰਾਜਨੀਤਿਕ ਦਲ ਹੋਣ ਉਸ ਨੂੰ ____________ਕਿਹਾ ਜਾਂਦਾ ਹੈ।

ਉੱਤਰ:- ਦੋ ਦਲ ਪ੍ਰਣਾਲੀ

**ਸਹੀ ਮਿਲਾਨ ਕਰੋ:-**

(1) 1. ਇੱਕ ਦਲ ਪ੍ਰਣਾਲੀ → (ਅ) ਚੀਨ
2. ਦੋ ਦਲ ਪ੍ਰਣਾਲੀ → (ੳ) ਇੰਗਲੈਂਡ

(2) 1. ਰਾਜਨੀਤਿਕ ਦਲਾਂ ਦੀ ਗਿਣਤੀ ਦੋ ਤੋਂ ਵੱਧ → (ੳ) ਬਹੁ ਦਲ ਪ੍ਰਣਾਲੀ
2. ਮਹੱਤਵਪੂਰਣ ਰਾਜਨੀਤਿਕ ਦਲਾਂ ਦੀ ਗਿਣਤੀ ਦੋ ਹੋਵੇ → (ਅ) ਦੋ ਦਲ ਪ੍ਰਣਾਲੀ

(3) 1. ਰਾਜਨੀਤਿਕ ਦਲ → (ੳ) ਚੋਣ ਲੜਨਾ
2. ਵਿਰੋਧੀ ਦਲ → (ਅ) ਸਰਕਾਰ ਦੀਆਂ ਗਲਤ ਨੀਤੀਆਂ ਦੀ ਅਲੋਚਨਾ ਕਰਨਾ

(4) 1. ਇਕ ਦਲ ਪ੍ਰਣਾਲੀ → (ਅ) ਮਜਬੂਤ ਸਰਕਾਰ
2. ਦੋ ਦਲ ਪ੍ਰਣਾਲੀ → (ੳ) ਮਤਦਾਤਾਵਾਂ ਨੂੰ ਬਦਲਵੀਂ ਚੋਣ ਕਰਨ ਦਾ ਅਵਸਰ ਪ੍ਰਾਪਤ

**ਸਹੀ/ਗਲਤ**

1. ਦਲ ਪ੍ਰਣਾਲੀ ਦੇ ਰੂਪਾਂ ਅਤੇ ਰਾਜਨੀਤਿਕ ਦਲ ਦੇ ਰੂਪਾਂ ਵਿੱਚ ਅੰਤਰ ਹੁੰਦਾ ਹੈ। (✓)
2. ਸੰਵਿਧਾਨਿਕ ਸਾਧਨਾਂ ਤੇ ਵਿਸ਼ਵਾਸ ਰਾਜਨੀਤਿਕ ਦਲ ਦੀ ਇਕ ਜ਼ਰੂਰੀ ਵਿਸ਼ੇਸ਼ਤਾ ਹੈ। (✓)
3. ਜਿੱਥੇ ਇਕ ਹੀ ਰਾਜਨੀਤਿਕ ਦਲ ਹੋਵੇ ਉਸਨੂੰ ਇਕ ਦਲ ਪ੍ਰਣਾਲੀ ਕਿਹਾ ਜਾਂਦਾ ਹੈ। (✓)
4. ਇਕ ਦਲ ਪ੍ਰਣਾਲੀ ਲੋਕਤੰਤਰ ਦੀ ਜਰੂਰੀ ਵਿਸ਼ੇਸ਼ਤਾ ਹੈ। (×)
5. ਰਾਜਨੀਤਿਕ ਦਲਾਂ ਦੀਆਂ ਕਿਸਮਾਂ ਕਿਸੇ ਦੇਸ਼ ਵਿੱਚ ਰਾਜਨੀਤਿਕ ਦਲਾਂ ਦੀ ਗਿਣਤੀ ਤੇ ਨਿਰਭਰ ਕਰਦੀਆਂ ਹਨ। (×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਦਲ ਪ੍ਰਣਾਲੀ ਦੀਆਂ ਵੱਖ-ਵੱਖ ਕਿਸਮਾਂ ਕਿਸ ਆਧਾਰ ਤੇ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ?
ਉੱਤਰ:-ਕਿਸੇ ਦੇਸ਼ ਵਿੱਚ ਰਾਜਨੀਤਿਕ ਦਲਾਂ ਦੀ ਗਿਣਤੀ ਦੇ ਆਧਾਰ ਤੇ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਕੰਮ ਲਿਖੋ।
ਉੱਤਰ:-ਰਾਜਨੀਤਿਕ ਦਲ ਜਨਤਾ ਨੂੰ ਰਾਜਨੀਤਿਕ ਸਿੱਖਿਆ ਦੇਣ ਦਾ ਕੰਮ ਕਰਦੇ ਹਨ।
ਪ੍ਰਸ਼ਨ:- ਵਿਰੋਧੀ ਦਲ ਦਾ ਕੀ ਅਰਥ ਹੈ?
ਉੱਤਰ:-ਵਿਧਾਨ ਪਾਲਿਕਾ ਵਿਚ ਸੱਤਾਧਾਰੀ ਪੱਖ ਦਾ ਵਿਰੋਧ ਕਰਨ ਵਾਲੇ ਦਲ ਨੂੰ ਵਿਰੋਧੀ ਦਲ ਕਿਹਾ ਜਾਂਦਾ ਹੈ।
ਪ੍ਰਸ਼ਨ:- ਬਹੁ-ਦਲ ਪ੍ਰਣਾਲੀ ਤੋਂ ਕੀ ਭਾਵ ਹੈ?
ਉੱਤਰ:-ਜਿੱਥੇ ਤਿੰਨ ਜਾਂ ਤਿੰਨ ਤੋਂ ਵੱਧ ਰਾਜਨੀਤਿਕ ਦਲਾਂ ਦੀ ਹੋਂਦ ਹੋਵੇ, ਉਸ ਪ੍ਰਣਾਲੀ ਨੂੰ ਬਹੁ-ਦਲ ਪ੍ਰਣਾਲੀ ਦਾ ਨਾਂ ਦਿੱਤਾ ਜਾਂਦਾ ਹੈ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਗੁਣ ਲਿਖੋ।
ਉੱਤਰ:-ਰਾਜਨੀਤਿਕ ਦਲ ਸਵੱਸਥ ਲੋਕਮਤ ਦਾ ਨਿਰਮਾਣ ਕਰਦੇ ਹਨ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਔਗੁਣ ਲਿਖੋ।
ਉੱਤਰ:-ਰਾਜਨੀਤਿਕ ਦਲ ਦੇਸ਼ ਨੂੰ ਜਾਤੀ, ਧਰਮ ਜਾਂ ਭਾਸ਼ਾ ਦੇ ਆਧਾਰ ਤੇ ਵੱਖ-ਵੱਖ ਵਰਗਾਂ ਵਿੱਚ ਵੰਡ ਕੇ ਦੇਸ਼ ਦੀ ਅਖੰਡਤਾ ਨੂੰ ਖਤਰਾ ਪਹੁੰਚਾਉਂਦੇ ਹਨ।
ਪ੍ਰਸ਼ਨ:- ਦੋ ਦਲ ਪ੍ਰਣਾਲੀ ਦੇ ਗੁਣ ਲਿਖੋ।
ਉੱਤਰ:-ਦੋ-ਦਲ ਪ੍ਰਣਾਲੀ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਵਿੱਚ ਸਰਕਾਰ ਆਸਾਨੀ ਨਾਲ ਬਣਾਈ ਜਾ ਸਕਦੀ ਹੈ।
ਪ੍ਰਸ਼ਨ:- ਬਹੁ ਦਲ ਪ੍ਰਣਾਲੀ ਅਪਨਾਉਣ ਵਾਲੇ ਦੋ ਦੇਸ਼ਾਂ ਦੇ ਨਾਂ ਲਿਖੋ।
ਉੱਤਰ:-ਭਾਰਤ ਅਤੇ ਸਵਿਟਜਰਲੈਂਡ ਵਿਚ ਬਹੁ-ਦਲ ਪ੍ਰਣਾਲੀ ਪਾਈ ਜਾਂਦੀ ਹੈ।
ਪ੍ਰਸ਼ਨ:- ਦੋ ਦਲ ਪ੍ਰਣਾਲੀ ਅਪਨਾਉਣ ਵਾਲੇ ਦੇਸ਼ਾਂ ਦੇ ਨਾਂ ਲਿਖੋ।
ਉੱਤਰ:-ਇੰਗਲੈਂਡ, ਅਮਰੀਕਾ ਵਿੱਚ ਦੋ ਦਲੀ ਪ੍ਰਣਾਲੀ ਪਾਈ ਜਾਂਦੀ ਹੈ।
ਪ੍ਰਸ਼ਨ:- ਇਕ ਦਲ ਪ੍ਰਣਾਲੀ ਅਪਨਾਉਣ ਵਾਲੇ ਦੇਸ਼ਾਂ ਦੇ ਨਾਂ ਲਿਖੋ।
ਉੱਤਰ:-ਚੀਨ, ਪੋਲੈਂਡ ਵਿੱਚ ਇਕ ਦਲ ਪ੍ਰਣਾਲੀ ਪਾਈ ਜਾਂਦੀ ਹੈ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਗਠਨ ਦਾ ਆਧਾਰ ਦੱਸੋ।

ਉੱਤਰ:-ਰਾਜਨੀਤਿਕ ਅਤੇ ਆਰਥਿਕ ਵਿਚਾਰਧਾਰਾ ਜਿਵੇਂ ਕਾਂਗਰਸ ਅਤੇ ਸੀ. ਪੀ. ਆਈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਕੋਈ ਚਾਰ ਕੰਮ ਲਿਖੋ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੀਆਂ ਕਿਸਮਾਂ ਲਿਖੋ।
ਪ੍ਰਸ਼ਨ:- ਬਹੁ-ਦਲ ਪ੍ਰਣਾਲੀ ਦੇ ਦੋਸ਼ ਲਿਖੋ।
ਪ੍ਰਸ਼ਨ:- ਭਾਰਤ ਵਿੱਚ ਪਾਏ ਜਾਣ ਵਾਲੇ ਚਾਰ ਰਾਸ਼ਟਰੀ ਦਲਾਂ ਦੇ ਨਾਮ ਅਤੇ ਉਹਨਾਂ ਦੇ ਚੋਣ ਨਿਸ਼ਾਨ ਲਿਖੋ।
ਪ੍ਰਸ਼ਨ:- ਰਾਜਨੀਤਿਕ ਦਲਾਂ ਦੇ ਚਾਰ ਲਾਭ ਲਿਖੋ।
ਪ੍ਰਸ਼ਨ:- ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਦਾ ਵਰਣਨ ਕਰੋ।

## ਪਾਠ-12
## "ਹਿੱਤ ਸਮੂਹ ਅਤੇ ਦਬਾਉ ਸਮੂਹ"

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:- ਲੋਬਿੰਗ ਕਿਹੜੇ ਸਮੂਹ ਦਾ ਬਹੁਤ ਮਹੱਤਵਪੂਰਨ ਸਾਧਨ ਹੈ?

(ੳ) ਸਮਾਜਿਕ ਸਮੂਹ (ਅ) ਆਰਥਿਕ ਸਮੂਹ

(ੲ) ਧਾਰਮਿਕ ਸਮੂਹ (ਸ) ਦਬਾਉ ਸਮੂਹ

ਉੱਤਰ:- (ਸ) ਦਬਾਉ ਸਮੂਹ

ਪ੍ਰਸ਼ਨ:- ਕਿਹੜੇ ਦੇਸ਼ ਵਿਚ ਕਾਨੂੰਨ ਲੋਬਿੰਗ ਦੀ ਆਗਿਆ ਦਿੰਦਾ ਹੈ?

(ੳ) ਸੋਵੀਅਤ ਰੂਸ (ਅ) ਬਰਤਾਨੀਆ

(ੲ) ਸੰਯੁਕਤ ਰਾਜ ਅਮਰੀਕਾ (ਸ) ਭਾਰਤ

ਉੱਤਰ:- (ੲ)

ਪ੍ਰਸ਼ਨ:- ਵਿਦੇਸ਼ੀ ਲੋਬਿੰਗ ਦੀ ਆਗਿਆ ਕਿਹੜੇ ਦੇਸ਼ ਵਿੱਚ ਕਾਨੂੰਨ ਦੁਆਰਾ ਦਿੱਤੀ ਗਈ ਹੈ।

(ੳ) ਫਰਾਂਸ (ਅ) ਚੀਨ (ੲ) ਆਸਟ੍ਰੇਲੀਆ (ਸ) ਸੰਯੁਕਤ ਰਾਜ ਅਮਰੀਕਾ

ਉੱਤਰ:- (ਸ)

ਪ੍ਰਸ਼ਨ:- ਕਿਹੜਾ ਦਬਾਓ ਸਮੂਹ ਸਮੁੱਚੇ ਸਮਾਜ ਦੀ ਭਲਾਈ ਲਈ ਕੰਮ ਕਰਦਾ ਹੈ।

(ੳ) ਵਰਗੀਕ੍ਰਿਤ ਦਬਾਓ ਸਮੂਹ (ਅ) ਉਦੇਸ਼ ਦਬਾਓ ਸਮੂਹ

(ੲ) ਧਾਰਮਿਕ ਦਬਾਓ ਸਮੂਹ (ਸ) ਜਾਤੀ ਤੇ ਅਧਾਰਿਤ ਦਬਾਓ ਸਰੂਪ

ਉੱਤਰ:-(ਅ) ਉਦੇਸ਼ ਦਬਾਓ ਸਮੂਹ

ਪ੍ਰਸ਼ਨ:- ਰਾਜਨੀਤਿਕ ਦਲਾਂ ਅਤੇ ਦਬਾਉ ਸਮੂਹਾਂ ਵਿੱਚ ਮੁੱਖ ਅੰਤਰ ਹੈ:-

(ੳ) ਰਾਜਨੀਤਿਕ ਦਲ ਜਨਤਕ ਹਿੱਤਾਂ ਵਿੱਚ ਹੁੰਦੇ ਹਨ, ਪਰ ਦਬਾਉ ਸਮੂਹ ਨਹੀਂ।

(ਅ) ਰਾਜਨੀਤਿਕ ਦਲ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਦਿੰਦੇ ਹਨ ਪਰ ਦਬਾਉ ਸਮੂਹ ਨਹੀਂ।

(ੲ) ਰਾਜਨੀਤਿਕ ਦਲ ਰਾਜਨੀਤਿਕ ਸ਼ਕਤੀ ਗ੍ਰਹਿਣ ਕਰਦੇ ਹਨ ਪਰ ਦਬਾਉ ਸਮੂਹ ਨਹੀਂ।

(ਸ) ਰਾਜਨੀਤਿਕ ਦਲ ਸੰਵਿਧਾਨਿਕ ਸਾਧਨਾਂ ਤੇ ਵਿਸ਼ਵਾਸ ਕਰਦੇ ਹਨ ਪਰ ਦਬਾਉ ਸਮੂਹ ਨਹੀਂ।

ਉੱਤਰ (ੲ) ਰਾਜਨੀਤਿਕ ਦਲ ਰਾਜਨੀਤਿਕ ਸ਼ਕਤੀ ਗ੍ਰਹਿਣ ਕਰਦੇ ਹਨ ਪਰ ਦਬਾਉ ਸਮੂਹ ਨਹੀਂ।

**ਖਾਲੀ ਥਾਵਾਂ ਭਰੋ।**

ਪ੍ਰਸ਼ਨ:- ਸਾਂਝੇ ਹਿੱਤਾਂ ਵਾਲੇ ਵਿਅਕਤੀਆਂ ਦੇ ਸਮੂਹ ਨੂੰ ________ਸਮੂਹ ਕਿਹਾ ਜਾਂਦਾ ਹੈ।

ਉੱਤਰ:-ਹਿੱਤ

ਪ੍ਰਸ਼ਨ:- ਜਦੋਂ ________ਸਰਕਾਰ ਤੇ ਆਪਣੇ ਹਿੱਤਾਂ ਦੀ ਸੁਰੱਖਿਆ ਲਈ ________ਪਾਉਂਦੇ ਹਨ ਤਾਂ ਉਸ ਨੂੰ ਦਬਾਉ ਸਮੂਹ ਕਿਹਾ ਜਾਂਦਾ ਹੈ।

ਉੱਤਰ:-ਹਿੱਤ ਸਮੂਹ, ਦਬਾਉ

ਪ੍ਰਸ਼ਨ:-ਸਭ ਤੋਂ ਜਿਆਦਾ ਦਬਾਉ ਸਮੂਹ ________ਵਿੱਚ ਹਨ।

ਉੱਤਰ:-ਸੰਯੁਕਤ ਰਾਜ ਅਮਰੀਕਾ

ਪ੍ਰਸ਼ਨ:- ________ਦਬਾਉ ਸਮੂਹਾਂ ਦਾ ਬਹੁਤ ਮਹੱਤਵਪੂਰਨ ਹਥਿਆਰ ਹੈ।

ਉੱਤਰ:-ਲੋਬੀਇੰਗ

ਪ੍ਰਸ਼ਨ:- ਭਾਰਤ ਵਿੱਚ ________ਦੀ ਕਾਨੂੰਨੀ ਮਨਾਹੀ ਹੈ।

ਉੱਤਰ:-ਲੋਬੀਇੰਗ

ਪ੍ਰਸ਼ਨ:- ________ਸਮੂਹ ਨੌਕਰਸ਼ਾਹਾਂ ਅਤੇ ________ਉੱਤੇ ਆਪਣੇ ਹਿੱਤਾਂ ਦੀ ਸੁਰੱਖਿਆ ਲਈ ਦਬਾਉ ਪਾਉਂਦੇ ਹਨ।

ਉੱਤਰ:-ਦਬਾਉ, ਵਿਧਾਨਕਾਰਾਂ।

**ਸਹੀ ਮਿਲਾਨ ਕਰੋ:**

(1) 1.ਹਿੱਤ ਸਮੂਹ ———→ (ੳ) ਹਿੱਤਾਂ ਦੀ ਸਾਂਝ

2. ਦਬਾਉ ਸਮੂਹ———→ (ਅ) ਆਪਣੇ ਮੈਂਬਰਾਂ ਦੇ ਹਿੱਤਾਂ ਨੂੰ ਪੂਰੀ ਕਰਵਾਉਣ ਲਈ ਸਰਕਾਰ ਤੇ ਦਬਾਓ ਪਾਉਣਾ।

**ਸਹੀ/ਗਲਤ**

14. ਹਰੇਕ ਪ੍ਰਕਾਰ ਦੀ ਸ਼ਾਸਨ ਪ੍ਰਣਾਲੀ ਵਿੱਚ ਦਬਾਉ ਸਮੂਹ ਜਰੂਰ ਹੁੰਦੇ ਹਨ।(✓)

15. ਦਬਾਉ ਸਮੂਹ ਸੰਵਿਧਾਨਿਕ ਸੰਸਥਾ ਹੁੰਦੀ ਹੈ।(×)

16. ਦਬਾਉ ਸਮੂਹਾਂ ਦਾ ਉਦੇਸ਼ ਚੋਣਾਂ ਜਿੱਤ ਕੇ ਰਾਜਨੀਤਿਕ ਸੱਤਾ ਗ੍ਰਹਿਣ ਕਰਨਾ ਹੁੰਦਾ ਹੈ।(×)

17. ਦਬਾਉ ਸਮੂਹ ਦਾ ਆਧਾਰ ਮੈਂਬਰਾਂ ਦਾ ਸਾਂਝਾ ਹਿੱਤ ਹੁੰਦਾ ਹੈ।(✓)

18.ਦਬਾਉ ਸਮੂਹ ਅਤੇ ਰਾਜਨੀਤਿਕ ਦਲਾਂ ਵਿਚ ਕੋਈ ਅੰਤਰ ਨਹੀਂ ਹੁੰਦਾ ਹੈ।(×)

19. ਲੋਕਤੰਤਰੀ ਸ਼ਾਸਨ ਪ੍ਰਣਾਲੀ ਵਿੱਚ ਦੂਜੀਆਂ ਸ਼ਾਸਨ ਪ੍ਰਣਾਲੀਆਂ ਦੇ ਮੁਕਾਬਲੇ ਦਬਾਉ ਸਮੂਹਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ।(×)

20. ਹਿੱਤ ਸਮੂਹ ਉਸ ਸਮੇਂ ਦਬਾਉ ਸਮੂਹ ਬਣਦਾ ਹੈ। ਜਦੋਂ ਉਹ ਆਪਣੇ ਹਿੱਤਾਂ ਦੀ ਸੁਰੱਖਿਆ ਜਾਂ ਵਿਕਾਸ ਲਈ ਸਰਕਾਰ ਤੇ ਦਬਾਉ ਪਾਉਂਦੇ ਹਨ।(✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਹਿੱਤ ਸਮੂਹ ਦਬਾਓ ਸਮੂਹ ਕਦੋਂ ਬਣਦਾ ਹੈ?

ਉੱਤਰ:- ਜਦੋਂ ਹਿੱਤ ਸਮੂਹ ਆਪਣੇ ਹਿੱਤਾਂ ਦੀ ਸੁਰੱਖਿਆ ਤੇ ਵਿਕਾਸ ਲਈ ਸਰਕਾਰ ਤੇ ਦਬਾਉ ਪਾਉਂਦਾ ਹੈ।

ਪ੍ਰਸ਼ਨ:- ਦਬਾਉ ਸਮੂਹਾਂ ਤੇ ਰਾਜਨੀਤਿਕ ਦਲਾਂ ਵਿੱਚ ਮੁੱਖ ਅੰਤਰ ਕੀ ਹੈ?

ਉੱਤਰ:-ਦਬਾਉ ਸਮੂਹਾਂ ਦਾ ਗੈਰ ਰਾਜਨੀਤਿਕ ਸਮੂਹ ਪਰ ਰਾਜਨੀਤਿਕ ਦਲਾਂ ਦਾ ਸਪੱਸ਼ਟ ਰਾਜਨੀਤਿਕ ਸਮੂਹ।

ਪ੍ਰਸ਼ਨ:- ਲੋਬੀਇੰਗ ਤੋਂ ਕੀ ਭਾਵ ਹੈ? ਕਿਹੜੇ ਦੇਸ਼ ਵਿੱਚ ਲੋਬੀਇੰਗ ਦੀ ਕਾਨੂੰਨ ਆਗਿਆ ਦਿੰਦਾ ਹੈ?

ਉੱਤਰ:-ਵਿਧਾਨਕਾਰਾਂ ਜਾਂ ਨੌਕਰਸ਼ਾਹਾਂ ਜਾਂ ਮੰਤਰੀਆਂ ਉਤੇ ਦਬਾਉ ਪਾਉਣਾ ਲੋਬੀਇੰਗ ਹੁੰਦਾ ਹੈ। ਸੰਯੁਕਤ ਰਾਜ ਅਮਰੀਕਾ ਲੋਬੀਇੰਗ ਦੀ ਕਾਨੂੰਨੀ ਆਗਿਆ ਦਿੰਦਾ ਹੈ।

ਪ੍ਰਸ਼ਨ:- ਕਿਸੇ ਸਰਵ ਭਾਰਤੀ ਵਿਦਿਆਰਥੀ ਸੰਗਠਨ ਦਾ ਨਾਂ ਲਿਖੋ।

ਉੱਤਰ:-1. ਸਰਵ ਭਾਰਤੀ ਵਿਦਿਆਰਥੀ ਪਰਿਸ਼ਦ

2. ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ

3. ਸਰਵ ਭਾਰਤੀ ਸਿੱਖ ਸਟੂਡੈਂਟਸ ਸੰਘ

ਪ੍ਰਸ਼ਨ:- ਰਾਸ਼ਟਰੀ ਸਵੈ-ਸੇਵਕ ਸੰਘ ਦਾ ਸਬੰਧ ਕਿਸ ਦਲ ਨਾਲ ਹੈ?

ਉੱਤਰ:-ਰਾਸ਼ਟਰੀ ਸਵੈ-ਸੇਵਕ ਸੰਘ ਦਾ ਸੰਬੰਧ ਭਾਰਤੀ ਜਨਤਾ ਪਾਰਟੀ ਨਾਲ ਹੈ।

ਪ੍ਰਸ਼ਨ:- ਦਬਾਉ ਸਮੂਹਾਂ ਦੇ ਲਾਭ ਦਾ ਵਰਣਨ ਕਰੋ।

ਉੱਤਰ:-ਦਬਾਉ ਸਮੂਹ ਵੱਖ-ਵੱਖ ਵਰਗਾਂ ਦੇ ਹਿੱਤਾਂ ਦੀ ਰੱਖਿਆ ਕਰਦੇ ਹਨ।

ਪ੍ਰਸ਼ਨ:- ਭਾਰਤ ਵਿੱਚ ਕਿੰਨੇ ਮਜਦੂਰ ਸੰਘ ਹਨ? ਕੋਈ ਦੋ ਦੇ ਨਾਂ ਲਿਖੋ।

ਉੱਤਰ:-ਭਾਰਤ ਵਿੱਚ ਛੇ ਮਜਦੂਰ ਸੰਘ ਹਨ- ਇਨ੍ਹਾਂ ਵਿੱਚ ਸਰਵ ਭਾਰਤੀ ਟਰੇਡ ਯੂਨੀਅਨ ਕਾਂਗਰਸ(AITUC)ਅਤੇ ਭਾਰਤੀ ਮਜਦੂਰ ਸੰਘ(H.M.S) ਮੁੱਖ ਹਨ।

ਪ੍ਰਸ਼ਨ:- ਹਿੱਤ ਸਮੂਹਾਂ ਦੇ ਨਾਂ ਲਿਖੋ।

ਉੱਤਰ:-1) ਸਰਵ ਭਾਰਤੀ ਮਹਿਲਾ ਸੰਮੇਲਨ

2) ਭਾਰਤੀ ਕਿਸਾਨ ਯੂਨੀਅਨ

ਪ੍ਰਸ਼ਨ:-ਸੁਤੰਤਰਤਾ ਦੇ ਬਾਅਦ ਸਰਵ  ਭਾਰਤੀ ਪੱਧਰ ਤੇ ਸਥਾਪਿਤ ਕਿਸੇ ਇਕ ਸੰਗਠਨ ਦਾ ਨਾਂ ਲਿਖੋ।
ਉੱਤਰ:- ਸਰਵ  ਭਾਰਤੀ ਕਿਸਾਨ ਯੂਨੀਅਨ।

ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:-  ਦਬਾਉ ਸਮੂਹ ਕਿਸ ਨੂੰ ਕਿਹਾ ਜਾਂਦਾ ਹੈ?
ਪ੍ਰਸ਼ਨ:- ਦਬਾਉ ਸਮੂਹਾਂ ਦੇ ਚਾਰ ਕੰਮਾਂ ਦਾ ਵਰਣਨ ਕਰੋ।
ਪ੍ਰਸ਼ਨ:-  ਦਬਾਉ ਸਮੂਹਾਂ ਦੀ ਕਾਰਜ ਵਿਧੀ ਦੇ ਚਾਰ ਢੰਗ ਲਿਖੋ।
ਪ੍ਰਸ਼ਨ:- ਲੋਬੀਇੰਗ ਤੋਂ ਕੀ ਭਾਵ ਹੈ?
ਪ੍ਰਸ਼ਨ:-  ਦਬਾਓ ਸਮੂਹਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ?

## ਪਾਠ–13
## ਭਾਰਤੀ ਲੋਕਤੰਤਰ–ਸੰਸਦੀ ਸਰੂਪ ਜਾਂ ਨਮੂਨਾ

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ:- ਬਰਤਾਨੀਆ ਅਧੀਨ ਭਾਰਤ ਦੀ ਬਸਤੀਵਾਦੀ ਗੁਲਾਮੀ ਦੇ ਸਮੇਂ ਕਿਹੜੀ ਸ਼ਾਸਨ ਪ੍ਰਣਾਲੀ ਦੇ ਕੁਝ ਸਿਧਾਂਤ ਅੰਸ਼ਿਕ ਰੂਪ ਵਿੱਚ ਲਾਗੂ ਕੀਤੇ ਗਏ ਸਨ।

(ੳ) ਪ੍ਰਧਾਨਗੀ ਸ਼ਾਸਨ ਪ੍ਰਣਾਲੀ (ਅ) ਤਾਨਾਸ਼ਾਹੀ ਸ਼ਾਸਨ ਪ੍ਰਣਾਲੀ

(ੲ) ਸੰਸਦੀ ਸ਼ਾਸਨ ਪ੍ਰਣਾਲੀ (ਸ) ਸਰਵ ਸੱਤਾਵਾਦੀ ਸ਼ਾਸਨ ਪ੍ਰਣਾਲੀ

ਉੱਤਰ:- (ੲ) ਸੰਸਦੀ ਸ਼ਾਸਨ ਪ੍ਰਣਾਲੀ

ਪ੍ਰਸ਼ਨ:-ਸੁਤੰਤਰ ਭਾਰਤ ਲਈ ਸੰਵਿਧਾਨ ਸਭਾ ਨੇ ਚੋਣ ਕੀਤੀ–

(ੳ) ਪ੍ਰਧਾਨਗੀ ਸ਼ਾਸਨ ਪ੍ਰਣਾਲੀ ਦੀ (ਅ) ਇਕਾਤਮਕ ਸ਼ਾਸਨ ਪ੍ਰਣਾਲੀ

(ੲ) ਸੰਸਦੀ ਸ਼ਾਸਨ ਪ੍ਰਣਾਲੀ ਦੀ (ਸ) ਸਰਵ ਸੱਤਾਵਾਦੀ ਸ਼ਾਸਨ ਪ੍ਰਣਾਲੀ ਦੀ

ਉੱਤਰ:-(ੲ) ਸੰਸਦੀ ਸ਼ਾਸਨ ਪ੍ਰਣਾਲੀ ਦੀ

ਪ੍ਰਸ਼ਨ:- ਭਾਰਤ ਵਿੱਚ ਅਸਲੀ ਕਾਰਜਪਾਲਿਕਾ ਹੈ–

(ੳ) ਰਾਸ਼ਟਰਪਤੀ (ਅ) ਉਪ–ਰਾਸ਼ਟਰਪਤੀ

(ੲ) ਸਪੀਕਰ ਅਤੇ ਵਿਰੋਧੀ ਦਲ ਦਾ ਨੇਤਾ (ਸ) ਮੰਤਰੀ ਮੰਡਲ

ਉੱਤਰ:-(ਸ) ਮੰਤਰੀ ਮੰਡਲ

ਪ੍ਰਸ਼ਨ:- ਭਾਰਤ ਵਿਚ ਕੇਂਦਰ ਵਿੱਚ ਨਾਂ-ਮਾਤਰ ਕਾਰਜਪਾਲਿਕਾ ਹੈ–

(ੳ) ਸੰਸਦ ਵਿਚ ਵਿਰੋਧੀ ਦਲ (ਅ) ਸਰਵ–ਉੱਚ ਅਦਾਲਤ

(ੲ) ਰਾਜਾਂ ਦੇ ਮੁੱਖ ਮੰਤਰੀਆਂ ਦਾ ਸਮੂਹ (ਸ) ਰਾਸ਼ਟਰਪਤੀ

ਉੱਤਰ:-(ਸ) ਰਾਸ਼ਟਰਪਤੀ

ਪ੍ਰਸ਼ਨ:- ਭਾਰਤ ਵਿੱਚ ਅਸਲੀ ਕੇਂਦਰ ਵਿੱਚ ਕਾਰਜਪਾਲਿਕਾ ਸਮੂਹਿਕ ਰੂਪ ਵਿਚ ਉੱਤਰਦਾਈ ਹੈ:

(ੳ) ਰਾਜ ਸਭਾ ਨੂੰ (ਅ) ਰਾਜ ਵਿਧਾਨ ਪਰਿਸ਼ਦਾਂ ਨੂੰ

(ੲ) ਰਾਜ ਵਿਧਾਨ ਸਭਾਵਾਂ ਨੂੰ (ਸ) ਲੋਕ ਸਭਾ ਨੂੰ

ਉੱਤਰ:- (ਸ) ਲੋਕ ਸਭਾ ਨੂੰ

**ਖਾਲੀ ਥਾਵਾਂ ਭਰੋ:–**

ਪ੍ਰਸ਼ਨ:–ਭਾਰਤ ਵਿੱਚ ____________ਪ੍ਰਣਾਲੀ ਲਾਗੂ ਕੀਤੀ ਗਈ ਹੈ।

ਉੱਤਰ:–ਸੰਸਦੀ

ਪ੍ਰਸ਼ਨ:–ਸੰਸਦੀ ਪ੍ਰਣਾਲੀ ਵਿੱਚ ਅਸਲੀ ਕਾਰਜ ਪਾਲਿਕਾ ____________ਪ੍ਰਤੀਨਿਧ ਸਦਨ ਨੂੰ ਉੱਤਰਦਾਈ ਹੁੰਦੀ ਹੈ।

ਉੱਤਰ:–ਸਮੂਹਿਕ ਰੂਪ ਵਿੱਚ

ਪ੍ਰਸ਼ਨ:–ਸੰਸਦੀ ਪ੍ਰਣਾਲੀ ਵਿੱਚ ਕਾਰਜਪਾਲਿਕਾ ____________ ਤਰ੍ਹਾਂ ਦੀ ਹੁੰਦੀ ਹੈ।

ਉੱਤਰ:- ਦੋ ਤਰ੍ਹਾਂ ਦੀ (ਨਾ–ਮਾਤਰ ਅਤੇ ਅਸਲੀ ਕਾਰਜਪਾਲਿਕਾ)

ਪ੍ਰਸ਼ਨ:–ਸਾਡੇ ਦੇਸ਼ ਵਿੱਚ ਨਾਂ–ਮਾਤਰ ਕਾਰਜਪਾਲਿਕਾ ____________ਹੈ।

ਉੱਤਰ:- ਰਾਸ਼ਟਰਪਤੀ

ਪ੍ਰਸ਼ਨ:–ਭਾਰਤ ਵਿੱਚ ਪ੍ਰਧਾਨ ਮੰਤਰੀ ਅਤੇ ਉਸਦੀ ਮੰਤਰੀ ਪਰਿਸ਼ਦ ਨੂੰ __________ਮੰਨਿਆ ਜਾਂਦਾ ਹੈ।

ਉੱਤਰ:- ਅਸਲੀ ਕਾਰਜਪਾਲਿਕਾ

ਪ੍ਰਸ਼ਨ:–ਅਸਲੀ ਕਾਰਜਪਾਲਿਕਾ ਦੇ ਮੈਂਬਰ ____________ਹੋਏ ਜਰੂਰੀ ਹਨ।

ਉੱਤਰ:–ਸੰਸਦ ਦੇ ਮੈਂਬਰ

ਪ੍ਰਸ਼ਨ:–ਸੰਸਦ ਦੇ ਗੈਰ ਮੈਂਬਰ ਨੂੰ ਵੱਧ ਤੋਂ ਵੱਧ ________ਮਹੀਨੇ ਲਈ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ।

ਉੱਤਰ:- ਛੇ।

**ਸਹੀ/ਗਲਤ**

13. ਭਾਰਤ ਵਿੱਚ ਸੰਸਦੀ ਪ੍ਰਣਾਲੀ ਲਾਗੂ ਕੀਤੀ ਗਈ ਹੈ।(✓)
14. ਸੰਸਦੀ ਪ੍ਰਣਾਲੀ ਨੂੰ ਮੰਤਰੀ ਮੰਡਲ ਪ੍ਰਣਾਲੀ ਅਤੇ ਉੱਤਰਦਾਈ ਸਰਕਾਰ ਵੀ ਕਹਿੰਦੇ ਹਨ।(✓)
15. ਭਾਰਤੀ ਸੰਵਿਧਾਨ ਸਭਾ ਨੇ ਭਾਰਤ ਦੀ ਨਾਂ-ਮਾਤਰ ਕਾਰਜਪਾਲਿਕਾ ਨੂੰ ਰਾਜ ਸਭਾ ਪ੍ਰਤੀ ਉੱਤਰਦਾਈ ਬਣਾਇਆ ਹੈ। (×)
16. ਸੰਸਦੀ ਪ੍ਰਣਾਲੀ ਵਿਚ ਮੰਤਰੀ ਮੰਡਲ ਵਿਚ ਰਾਜਨੀਤਿਕ ਇਕਰੂਪਤਾ ਨਹੀਂ ਹੁੰਦੀ ਹੈ।(×)
17. ਸੰਸਦੀ ਪ੍ਰਣਾਲੀ ਵਿਚ ਪ੍ਰਧਾਨ ਮੰਤਰੀ ਅਤੇ ਉਸ ਦਾ ਮੰਤਰੀ ਪਰਿਸ਼ਦ ਅਸਲੀ ਕਾਰਜਪਾਲਿਕਾ ਹੁੰਦੀ ਹੈ।(✓)
18. ਸੰਸਦੀ ਪ੍ਰਣਾਲੀ ਵਿਚ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦੇ ਬਹੁਤ ਨਿਕਟਵਰਤੀ ਜਾਂ ਨੇੜੇ ਦੇ ਸੰਬੰਧ ਹੁੰਦੇ ਹਨ।(✓)
19. ਸੰਸਦੀ ਪ੍ਰਣਾਲੀ ਵਿਚ ਮੰਤਰੀ-ਮੰਡਲ ਦੀ ਸਮੂਹਿਕ ਜਿੰਮੇਵਾਰੀ ਦਾ ਸਿਧਾਂਤ ਲਾਗੂ ਹੁੰਦਾ ਹੈ।(✓)
20. ਭਾਰਤ ਵਿੱਚ ਵਿਰੋਧੀ ਦਲ ਦਾ ਬਹੁ-ਦਲੀ ਸਰੂਪ ਹੈ।(✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਸੰਸਦੀ ਪ੍ਰਣਾਲੀ ਵਿੱਚ ਹੁੰਦੀਆਂ ਦੋ ਕਾਰਜਪਾਲਿਕਾਵਾਂ ਦੇ ਨਾਮ ਲਿਖੋ।
ਉੱਤਰ:- ਨਾਂ-ਮਾਤਰ ਕਾਰਜਪਾਲਿਕਾ ਅਤੇ ਅਸਲੀ ਕਾਰਜਪਾਲਿਕਾ
ਪ੍ਰਸ਼ਨ:- ਪ੍ਰਧਾਨ ਮੰਤਰੀ ਨੂੰ ਕੌਣ ਨਿਯੁਕਤ ਕਰਦਾ ਹੈ?
ਉੱਤਰ:- ਰਾਸ਼ਟਰਪਤੀ, ਪਰ ਉਹ ਲੋਕ ਸਭਾ ਵਿੱਚ ਬਹੁਮਤ ਦੇ ਨੇਤਾ ਨੂੰ ਹੀ ਨਿਯੁਕਤ ਕਰੇਗਾ।
ਪ੍ਰਸ਼ਨ:- ਮੰਤਰੀਆਂ ਦੀ ਨਿਯੁਕਤੀ ਕਿਸ ਦੁਆਰਾ ਕੀਤੀ ਜਾਂਦੀ ਹੈ?
ਉੱਤਰ:- ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਰਾਸ਼ਟਰਪਤੀ ਦੁਆਰਾ।
ਪ੍ਰਸ਼ਨ:-ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਮੰਤਰੀ ਮੰਡਲ ਨੂੰ ਕੌਣ ਭੰਗ ਕਰ ਸਕਦਾ ਹੈ?
ਉੱਤਰ:- ਭਾਰਤ ਦੇ ਸੰਵਿਧਾਨ ਵਿੱਚ ਰਾਸ਼ਟਰਪਤੀ ਮੰਤਰੀ ਮੰਡਲ ਨੂੰ ਭੰਗ ਕਰਦਾ ਹੈ।
ਪ੍ਰਸ਼ਨ:-ਸੰਸਦੀ ਸ਼ਾਸਨ-ਪ੍ਰਣਾਲੀ ਵਿੱਚ ਕਿਸ ਦੇ ਕਹਿਣ ਤੇ ਕੌਣ ਲੋਕ ਸਭਾ ਭੰਗ ਕਰ ਸਕਦਾ ਹੈ?
ਉੱਤਰ:-ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਰਾਸ਼ਟਰਪਤੀ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਲੋਕ ਸਭਾ ਨੂੰ ਭੰਗ ਕਰ ਸਕਦਾ ਹੈ।
ਪ੍ਰਸ਼ਨ:- ਭਾਰਤ ਕਦੋਂ ਸੁਤੰਤਰ ਹੋਇਆ ਅਤੇ ਭਾਰਤੀ ਸੰਵਿਧਾਨ ਦਾ ਨਿਰਮਾਣ ਕਿਸ ਨੇ ਕੀਤਾ?
ਉੱਤਰ:-ਭਾਰਤ 15 ਅਗਸਤ 1947 ਨੂੰ ਸੁਤੰਤਰ ਹੋਇਆ ਅਤੇ ਭਾਰਤੀ ਸੰਵਿਧਾਨ ਦਾ ਨਿਰਮਾਣ ਸੰਵਿਧਾਨ ਸਭਾ ਨੇ ਕੀਤਾ।
ਪ੍ਰਸ਼ਨ:-ਸੰਸਦੀ ਸ਼ਾਸਨ ਪ੍ਰਣਾਲੀ ਦੀ ਇਕ ਵਿਸ਼ੇਸ਼ਤਾ ਲਿਖੋ।
ਉੱਤਰ:- ਕਾਰਜਪਾਲਿਕਾ, ਵਿਧਾਨਪਾਲਿਕਾ ਦੇ ਪ੍ਰਤੀ ਉੱਤਰਦਾਈ ਹੁੰਦੀ ਹੈ।
ਪ੍ਰਸ਼ਨ:- ਭਾਰਤ ਵਿੱਚ ਲੋਕਤੰਤਰ ਦਾ ਭਵਿੱਖ ਕੀ ਹੈ?
ਉੱਤਰ:- ਲੋਕਤੰਤਰ ਦਾ ਬਹੁਤ ਉੱਜਲ ਭਵਿੱਖ ਹੈ ਕਿਉਂਕਿ ਭਾਰਤ ਵਿੱਚ ਇਹ ਪ੍ਰਣਾਲੀ ਮਜਬੂਤ ਆਧਾਰ ਬਣਾ ਚੁੱਕੀ ਹੈ।
ਪ੍ਰਸ਼ਨ:- ਭਾਰਤੀ ਲੋਕਤੰਤਰ ਨੂੰ ਜਾਤੀਵਾਦ ਕਿਵੇਂ ਪ੍ਰਭਾਵਿਤ ਕਰਦਾ ਹੈ?
ਉੱਤਰ:- ਚੋਣਾਂ ਵਿੱਚ ਉਮੀਦਵਾਰਾਂ ਦੀ ਚੋਣ ਕਰਨ ਸਮੇਂ, ਚੋਣ ਪ੍ਰਚਾਰ ਕਰਨ ਸਮੇਂ ਅਤੇ ਜਾਤੀ ਦੇ ਆਧਾਰ ਤੇ ਸਥਾਨਾਂ ਦਾ ਰਾਖਵਾਂਕਰਨ ਭਾਰਤੀ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਸੰਸਦੀ ਸ਼ਾਸਨ ਪ੍ਰਣਾਲੀ ਤੋਂ ਕੀ ਭਾਵ ਹੈ?
ਪ੍ਰਸ਼ਨ:- ਭਾਰਤੀ ਸੰਸਦੀ ਪ੍ਰਣਾਲੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।
ਪ੍ਰਸ਼ਨ:- ਭਾਰਤ ਨੇ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਕਿਉਂ ਗ੍ਰਹਿਣ ਕੀਤਾ?

## ਪਾਠ-14

## ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਅਤੇ ਆਰਥਿਕ ਤੱਤ

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ:- ਸਮਾਜਿਕ ਅਸਮਾਨਤਾ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਤੱਥ ਪੈਦਾ ਨਹੀਂ ਕਰਦੀ ਹੈ?

(ੳ) ਸਮਾਜ ਦੀ ਵਰਗਾਂ ਵਿੱਚ ਵੰਡ

(ਅ) ਜਨਮ, ਧਰਮ ਆਦਿ ਦੇ ਆਧਾਰ ਤੇ ਵਿਤਕਰਾ

(ੲ) ਲੋਕਾਂ ਦੀ ਆਰਥਿਕ ਸਥਿਤੀ ਵਿੱਚ ਅਸਮਾਨਤਾ

(ਸ) ਕਮਜ਼ੋਰ ਵਰਗਾਂ ਦਾ ਸ਼ਾਸਨ।

ਉੱਤਰ:-(ਸ) ਕਮਜ਼ੋਰ ਵਰਗਾਂ ਦਾ ਸ਼ਾਸਨ।

ਪ੍ਰਸ਼ਨ:- ਆਰਥਿਕ ਅਸਮਾਨਤਾ ਭਾਰਤੀ ਲੋਕਤੰਤਰ ਦੀ ਕਾਰਜਸ਼ੀਲਤਾ ਤੇ ਪ੍ਰਭਾਵ ਪਾਉਂਦੀ ਹੈ:-

(ੳ) ਇਹ ਸ਼ਾਸਨ ਕਮਜ਼ੋਰ ਵਰਗਾਂ ਦੇ ਹੱਥਾਂ ਵਿੱਚ ਹੋਣ ਦਾ

(ਅ) ਅਮੀਰਾਂ ਦਾ ਅਮੀਰਾਂ ਦੁਆਰਾ ਸੋਸ਼ਣ ਸੀ।

(ੲ) ਸਮਾਜ ਨੂੰ ਆਰਥਿਕ ਆਧਾਰ ਤੇ ਸ਼੍ਰੇਣੀਆਂ ਵਿੱਚ ਵੰਡਣ ਨਾਲ

(ਸ) ਕਮਜ਼ੋਰ ਵਰਗਾਂ ਨੂੰ ਸਮਾਨ ਰੂਪ ਵਿੱਚ ਆਰਥਿਕ ਅਧਿਕਾਰ ਦੇਣ ਨਾਲ

ਉੱਤਰ:-(ੲ) ਸਮਾਜ ਨੂੰ ਆਰਥਿਕ ਆਧਾਰ ਤੇ ਸ਼੍ਰੇਣੀਆਂ ਵਿੱਚ ਵੰਡਣ ਨਾਲ

ਪ੍ਰਸ਼ਨ:- ਵਸੋਂ ਦਾ ਵਿਸਫੋਟ ਕਿਹੜਾ ਹੈ?

(ੳ) ਆਰਥਿਕ ਤੱਥ (ਅ) ਸਮਾਜਿਕ ਤੱਥ

(ੲ) ਰਾਜਨੀਤਿਕ ਤੱਥ (ਸ) ਆਰਥਿਕ ਅਤੇ ਸਮਾਜਿਕ ਤੱਥ।

ਉੱਤਰ:-(ਅ) ਸਮਾਜਿਕ ਤੱਥ।

ਪ੍ਰਸ਼ਨ:-ਸਮਾਜਿਕ ਅਸਮਾਨਤਾ ਦਾ ਭਾਰਤੀ ਲੋਕਤੰਤਰ ਉੱਤੇ ਪ੍ਰਭਾਵ ਸਬੰਧੀ ਕਿਹੜਾ ਕਥਨ ਸਹੀ ਹੈ?

(ੳ) ਸਮਾਜਿਕ ਤੌਰ ਤੇ ਦੱਬੇ ਕੁਚਲੇ ਲੋਕ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਹੀ ਨਿਭਾਉਂਦੇ।

(ਅ) ਕਥਿਤ ਉੱਚ ਜਾਤੀ ਦੇ ਲੋਕ ਆਪਣੇ ਆਪ ਨੂੰ ਸ੍ਰੇਸ਼ਟ ਸਮਝਦੇ ਹਨ, ਦੇਸ਼ ਦੀ ਆਰਥਿਤ ਅਤੇ ਰਾਜਨੀਤਿਕ ਸ਼ਕਤੀ ਆਪਣਾ ਕਬਜਾ ਜਮਾਉਣ ਦਾ ਯਤਨ ਕਰਦੇ ਹਨ।

(ੲ) ਸਮਾਜਿਕ ਅਸਮਾਨਤਾ ਦੇ ਸ਼ਿਕਾਰ ਲੋਕ ਆਰਥਿਤ ਕੌਰ ਤੇ ਵੀ ਪੱਛੜੇ ਰਹਿ ਜਾਂਦੇ ਹਨ।

(ਸ) ਉਪਰੋਕਤ ਸਾਰੇ।

ਉੱਤਰ:-(ਸ) ਉਪਰੋਕਤ ਸਾਰੇ।

ਪ੍ਰਸ਼ਨ:- ਉਦਾਰਵਾਦ ਅਤੇ ਨਿੱਜੀਵਾਦ ਨੂੰ ਆਰਥਿਕ ਖੇਤਰ ਵਿੱਚ ਲਾਗੂ ਕਰਨ ਨਾਲ ਭਾਰਤੀ ਲੋਕਤੰਤਰ ਬਣਦਾ ਜਾ ਰਿਹਾ ਹੈ।

(ੳ) ਕਾਮਿਆਂ ਦਾ ਸ਼ਾਸਨ (ਅ) ਸਰਕਾਰੀ ਅਧਿਕਾਰੀਆਂ ਦਾ ਸ਼ਾਸਨ

(ੲ) ਬਹੁ-ਰਾਸ਼ਟਰੀ ਕੰਪਨੀਆਂ ਦਾ ਸ਼ਾਸਨ (ਸ) ਆਰਥਿਕ ਸ਼ਕਤੀ ਦੇ ਸਵਾਮੀਆਂ ਦਾ ਸ਼ਾਸਨ

ਉੱਤਰ:- (ਸ) ਆਰਥਿਕ ਸ਼ਕਤੀ ਦੇ ਸਵਾਮੀਆਂ ਦਾ ਸ਼ਾਸਨ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:-ਵਸੋਂ ਦਾ ਵਾਧਾ ਭਾਰਤੀ ਲੋਕਤੰਤਰ ਤੇ ............................ ਦਾ ਪ੍ਰਭਾਵ ਪਾਉਂਦਾ ਹੈ।

ਉੱਤਰ:-ਮੰਦਾ

ਪ੍ਰਸ਼ਨ:-ਜਾਤੀ ਪ੍ਰਥਾ ਲੋਕਤੰਤਰ ਪ੍ਰਣਾਲੀ ਦੇ ਰਸਤੇ ਵਿੱਚ ਇੱਕ __________ਹੈ।

ਉੱਤਰ:- ਰੁਕਾਵਟ

ਪ੍ਰਸ਼ਨ:-ਗਰੀਬੀ __________ ਨੂੰ __________ ਦੀ ਯੋਗ ਵਰਤੋਂ ਨਹੀਂ ਕਰਨ ਦਿੰਦੀ।

ਉੱਤਰ:- ਮਤਦਾਤਾਵਾਂ, ਮਤ ਅਧਿਕਾਰ

ਪ੍ਰਸ਼ਨ:- ਬੇਰੁਜਗਾਰੀ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ __________ ਤੱਥ ਹੈ।

ਉੱਤਰ:- ਆਰਥਿਕ

ਪ੍ਰਸ਼ਨ:-___________ਅਰਥ-ਵਿਵਸਥਾ ਅਮੀਰ ਨੂੰ ਹੋਰ ਜ਼ਿਆਦਾ ਅਮੀਰ ਬਣਾ ਰਹੀ ਹੈ।

ਉੱਤਰ:- ਪ੍ਰਤੀਯੋਗੀ

ਪ੍ਰਸ਼ਨ:-ਰਾਸ਼ਟਰੀ ਜੀਵਨ ਦੇ ਹਰੇਕ ਖੇਤਰ ਵਿੱਚ ___________ਦਾ ਪਤਨ ਭਾਰਤੀ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਹੈ।

ਉੱਤਰ:- ਕਦਰਾਂ-ਕੀਮਤਾਂ

ਪ੍ਰਸ਼ਨ:-ਵਿਸ਼ਾਲ ਪੱਧਰ ਤੇ ਫੈਲਿਆ _______ਭ੍ਰਿਸ਼ਟਾਚਾਰ ਅਤੇ ______ਭ੍ਰਿਸ਼ਟਾਚਾਰ ਲੋਕਤੰਤਰ ਨੂੰ ਅਸਫਲ ਬਣਾ ਰਿਹਾ ਹੈ।

ਉੱਤਰ:-ਪ੍ਰਸ਼ਾਸਨਿਕ, ਰਾਜਨੀਤਿਕ

**ਸਹੀ/ਗਲਤ**

13. ਭਾਰਤੀ ਲੋਕਤੰਤਰ ਦੀ ਕਾਰਜਸ਼ੀਲਤਾ ਉੱਤੇ ਅਨਪੜ੍ਹਤਾ ਦਾ ਕੋਈ ਪ੍ਰਭਾਵ ਨਹੀਂ ਹੈ।(×)
14. ਭਾਰਤ ਵਿੱਚ ਛੂਤ-ਛਾਤ ਨੂੰ ਸੰਵਿਧਾਨਿਕ ਮਾਨਤਾ ਪ੍ਰਾਪਤ ਹੈ।(×)
15. ਭਾਰਤ ਵਿੱਚ ਜਾਤੀਵਾਦ ਤਾਂ ਮੌਜੂਦ ਹੈ, ਪਰੰਤੂ ਛੂਤ-ਛਾਤ ਨੂੰ ਸੰਵਿਧਾਨ ਦੁਆਰਾ ਅਪਰਾਧ ਘੋਸ਼ਿਤ ਕੀਤਾ ਗਿਆ ਹੈ।(✓)
16. ਸਮਾਜਿਕ ਅਸਮਾਨਤਾ ਭਾਰਤੀ ਸਮਾਜ ਨੂੰ ਵਰਗਾਂ ਵਿੱਚ ਵੰਡਦੀ ਹੈ।(✓)
17. ਭਾਰਤ ਦੀ ਵੱਸੋਂ ਵਿਚ ਵਾਧਾ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ।(×)
18. ਭਾਰਤੀ ਸੰਘ ਦੇ ਰਾਜਾਂ ਦਾ ਗਠਨ ਧਰਮ ਦੇ ਆਧਾਰ ਤੇ ਕੀਤਾ ਗਿਆ ਹੈ।(×)
19. ਖੇਤਰੀ ਅਸੰਤੁਲਨ ਰਾਸ਼ਟਰੀ ਏਕਤਾ ਲਈ ਅਤੇ ਰਾਸ਼ਟਰੀ ਏਕੀਕਰਨ ਲਈ ਹਾਨੀਕਾਰਕ ਹੈ।(✓)
20. ਖੇਤਰਵਾਦ ਭਾਰਤ ਦੇ ਲੋਕਾਂ ਵਿੱਚ ਰਾਸ਼ਟਰੀ ਏਕਤਾ ਵਿਕਸਿਤ ਨਹੀਂ ਹੋਣ ਦਿੰਦਾ।(✓)

**ਸਹੀ ਮਿਲਾਨ ਕਰੋ:**

21. 1) ਵਸੋਂ ਦਾ ਵਿਸਫੋਟ → (ੳ) ਸਮਾਜਿਕ ਤਣਾਉ
    2) ਹਿੰਸਾ → (ਅ) ਵਸੋਂ ਵਿਚ ਵਾਧਾ ਵਿਸਫੋਟਕ ਰੂਪ ਵਿੱਚ

22. 1. ਸੰਪਰਦਾਇਕਤਾ → (ੳ) ਗਰੀਬੀ ਨੂੰ ਜਨਮ ਦਿੰਦੀ ਹੈ।
    2. ਬੇਰੁਜ਼ਗਾਰੀ → (ਅ) ਜਨ ਜੀਵਨ ਵਿਚ ਹਿੰਸਾ ਦੇ ਵਾਧੇ

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:-ਅਨਪੜ੍ਹਤਾ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ?

ਉੱਤਰ:- ਵਿਦਿਆਰਥੀਆਂ ਲਈ ਦਿਨ ਦੀਆਂ ਵਿੱਦਿਅਕ ਸੰਸਥਾਵਾਂ ਅਤੇ ਕੰਮ ਕਰਨ ਵਾਲਿਆਂ ਲਈ ਸ਼ਾਮ ਦੀਆਂ ਸੰਸਥਾਵਾਂ ਸਥਾਪਿਤ ਕਰਕੇ।

ਪ੍ਰਸ਼ਨ:-"ਧਰਤੀ ਦੇ ਪੁੱਤਰਾਂ" ਦਾ ਸਿਧਾਂਤ ਕੀ ਮੰਗ ਕਰਦਾ ਹੈ?

ਉੱਤਰ:- ਕੇਵਲ ਆਪਣੇ ਰਾਜ ਦੇ ਨਿਵਾਸੀਆਂ ਨੂੰ ਨੌਕਰੀਆਂ ਦਿੱਤੀਆਂ ਜਾਣ।

ਪ੍ਰਸ਼ਨ:- ਭ੍ਰਿਸ਼ਟਾਚਾਰ ਦਾ ਭਾਰਤੀ ਲੋਕਤੰਤਰ ਤੇ ਕੀ ਪ੍ਰਭਾਵ ਹੈ?

ਉੱਤਰ:- ਭ੍ਰਿਸ਼ਟਾਚਾਰ ਕਰਕੇ ਘੁਟਾਲਿਆ ਵਿਚਲੀ ਰਾਸ਼ੀ ਦੇਸ਼ ਦੇ ਵਿਕਾਸ ਵੱਲ ਲੱਗਣ ਦੀ ਬਜਾਏ ਬੇਕਾਰ ਹੋ ਜਾਂਦੀ ਹੈ ਅਤੇ ਜਨਤਾ ਤੇ ਟੈਕਸਾਂ ਦੇ ਰੂਪ ਵਿੱਚ ਵਾਧੂ ਬੋਝ ਪੈਂਦਾ ਹੈ।

ਪ੍ਰਸ਼ਨ:-ਗਰੀਬੀ ਦਾ ਭਾਰਤੀ ਲੋਕਤੰਤਰ ਤੇ ਕੀ ਪ੍ਰਭਾਵ ਹੈ?

ਉੱਤਰ:- ਗਰੀਬ ਵਿਅਕਤੀ ਇਹਨਾਂ ਸਾਧਨ ਸੰਪੰਨ ਨਹੀਂ ਹੁੰਦਾ ਹੈ ਕਿ ਉਹ ਰਾਜਨੀਤੀ ਵਿਚ ਭਾਗ ਲੈ ਸਕੇ, ਚੰਗੀ ਵਿੱਦਿਆ ਪ੍ਰਾਪਤ ਕਰ ਸਕੇ, ਜਿਸ ਦੇ ਫਲਸਰੂਪ ਉਹ ਅਨਪੜ੍ਹ ਰਹਿ ਜਾਂਦਾ ਹੈ ਅਤੇ ਦੇਸ਼ ਦੀਆਂ ਰਾਜਨੀਤਿਕ ਸਮੱਸਿਆਵਾਂ ਦੇ ਹੱਲ ਵਿਚ ਕੋਈ ਯੋਗਦਾਨ ਨਹੀਂ ਦੇ ਪਾਉਂਦਾ ਅਤੇ ਲੋਕਤੰਤਰ ਤੇ ਬੋਝ ਬਣ ਕੇ ਰਹਿ ਜਾਂਦਾ ਹੈ।

ਪ੍ਰਸ਼ਨ:- ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਅਸਮਾਨਤਾ ਦੇ ਪ੍ਰਭਾਵ ਲਿਖੋ।

ਉੱਤਰ:-ਸਮਾਜਿਕ ਅਸਮਾਨਤਾ:-

1) ਸਮਾਜਿਕ ਅਸਮਾਨਤਾ ਦੇ ਸ਼ਿਕਾਰ ਲੋਕਾਂ ਵਿੱਚ ਹੀਣਤਾ ਦੀ ਭਾਵਨਾ ਵਿਕਸਿਤ ਹੁੰਦੀ ਹੈ ਅਤੇ ਉਹ ਰਾਜਨੀਤਿਕ ਪ੍ਰਕਿਰਿਆ ਵਿਚ ਵਧੇਰੇ ਰੁਚੀ ਨਹੀਂ ਰੱਖਦੇ ਹਨ।
2) ਸਮਾਜਿਕ ਅਸਮਾਨਤਾ ਰਾਜਨੀਤੀ ਵਿਚ ਹਿੰਸਾ ਨੂੰ ਵੀ ਜਨਮ ਦੇਣ ਲਈ ਜ਼ਿੰਮੇਵਾਰ ਬਣਦੀ ਹੈ।

ਪ੍ਰਸ਼ਨ:- ਸੰਪਰਦਾਇਕਤਾ ਦੇ ਭਾਰਤੀ ਲੋਕਤੰਤਰ ਤੇ ਕੀ ਪ੍ਰਭਾਵ ਹੈ?

ਉੱਤਰ:-1) ਧਰਮ ਦੇ ਆਧਾਰ ਤੇ ਕਈ ਰਾਜਨੀਤਿਕ ਦਲ ਹੋਂਦ ਵਿੱਚ ਆਏ ਹਨ ਜਿਨ੍ਹਾਂ ਨੇ ਭਾਰਤੀ ਰਾਜਨੀਤੀ ਦੇ ਫਿਰਕੂਕਰਨ ਵਿਚ ਕਾਫੀ ਜ਼ਿਆਦਾ ਹਿੱਸਾ ਪਾਇਆ ਹੈ।

2) ਰਾਸ਼ਟਰੀ ਭਾਵਨਾ ਦੀ ਬਜਾਏ ਸੰਪਰਦਾਇਕਤਾ ਸੋਚ ਦਾ ਵਧੇਰੇ ਵਿਸਥਾਰ ਹੋ ਰਿਹਾ ਹੈ।

ਪ੍ਰਸ਼ਨ:- ਭਾਸ਼ਾਵਾਦ ਦੇ ਭਾਰਤੀ ਲੋਕਤੰਤਰ ਤੇ ਪ੍ਰਭਾਵ ਲਿਖੋ।

ਉੱਤਰ:-1. ਭਾਸ਼ਾ ਦੇ ਆਧਾਰ ਤੇ ਨਵੇਂ ਰਾਜਾਂ ਦੀ ਮੰਗ ਦਿਨ ਪ੍ਰਤੀਦਿਨ ਵੱਧ ਰਹੀ ਹੈ।

2.ਵੱਖ-ਵੱਖ ਭਾਸ਼ਾਵਾਂ ਵੱਖ-ਵੱਖ ਧਰਮਾਂ ਨਾਲ ਸਬੰਧਿਤ ਸਮਝੀਆਂ ਜਾਂਦੀਆਂ ਹਨ।

ਪ੍ਰਸ਼ਨ:-ਵਸੋਂ ਦਾ ਵਿਸਫੋਟ ਭਾਰਤੀ ਲੋਕਤੰਤਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

ਉੱਤਰ:-1. ਵੱਧ ਰਹੀ ਵਸੋਂ ਦੇ ਕਾਰਨ ਨਾਗਰਿਕਾਂ ਨੂੰ ਲੋੜੀਦੀਆਂ ਸਹੂਲਤਾਂ ਨਾ ਦਿੱਤੇ ਜਾ ਸਕਣ ਕਾਰਨ।

2. ਭਾਰਤੀ ਲੋਕਾਂ ਦੇ ਗੁਣਾਤਮਕ ਪੱਖਚ ਤੋਂ ਮਾੜਾ ਅਸਰ ਪੈਂਦਾ ਹੈ। ਦੇਸ਼ ਵਿੱਚ ਗਰੀਬੀ ਅਤੇ ਅਨਪੜ੍ਹਤਾ ਵੱਧਦੀ ਹੈ।

ਵੱਡੇ ਉੱਤਰਾਂ ਵਾਲੇ ਪ੍ਰਸ਼ਨ:-

ਪ੍ਰਸ਼ਨ:- ਭਾਰਤੀ ਲੋਕਤੰਤਰ ਨੂੰ ਕਿਹੜੇ-ਕਿਹੜੇ ਸਮਾਜਿਕ ਤੱਥ ਪ੍ਰਭਾਵਿਤ ਕਰਦੇ ਹਨ?

ਪ੍ਰਸ਼ਨ:- ਭਾਰਤੀ ਸ਼ਾਸਨ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ ਤੱਤਾਂ ਦਾ ਵਿਵਰਣ?

ਪ੍ਰਸ਼ਨ:-ਜਨਤਕ ਜੀਵਨ ਵਿਚ ਵੱਧ ਰਹੀ ਹਿੰਸਾ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ।

ਪ੍ਰਸ਼ਨ:- ਭਾਰਤੀ ਲੋਕਤੰਤਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਤਿੰਨ ਸੁਝਾਅ ਦਿਉ।

## ਪਾਠ-15
## ਭਾਰਤੀ ਲੋਕਤੰਤਰ ਦੀਆਂ ਸਮੱਸਿਆਵਾਂ ਤੇ ਚੁਣੌਤੀਆ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:- ਦੋ ਰਾਸ਼ਟਰਾਂ ਦਾ ਸਿਧਾਂਤ ਭਾਰਤ ਦੀ ਸੁਤੰਤਰਤਾ ਤੋਂ ਪਹਿਲਾ ਕਿਹੜੇ ਨੇਤਾ ਨੇ ਦਿੱਤਾ ਸੀ-

(ੳ) ਪੰਡਿਤ ਜਵਾਹਰ ਲਾਲ ਨਹਿਰੂ (ਅ) ਮਹਾਤਮਾ ਗਾਂਧੀ

(ੲ) ਲਿਆਕਤ ਅਲੀ (ਸ) ਮੁਹੰਮਦ ਅਲੀ ਜਨਾਹ

ਉੱਤਰ:-(ਸ) ਮੁਹੰਮਦ ਅਲੀ ਜਨਾਹ

ਪ੍ਰਸ਼ਨ:- 1947 ਵਿੱਚ ਭਾਰਤ ਦੀ ਦੋ ਦੇਸ਼ਾਂ ਵਿੱਚ ਵੰਡ ਕਿਸ ਆਧਾਰ ਤੇ ਹੋਈ ਸੀ।

(ੳ) ਭਾਸ਼ਾਈ ਆਧਾਰ (ਅ) ਜਾਤੀਵਾਦ ਦੇ ਆਧਾਰ ਤੇ

(ੲ) ਸੰਪਰਦਾਇਕਤਾ ਦੇ ਆਧਾਰ ਤੇ (ਸ) ਆਰਥਿਕ ਤੱਥ ਦੇ ਆਧਾਰ ਤੇ

ਉੱਤਰ (ੲ) ਸੰਪਰਦਾਇਕਤਾ ਦੇ ਆਧਾਰ ਤੇ

ਪ੍ਰਸ਼ਨ:-ਦੋ ਰਾਸ਼ਟਰਾਂ ਦਾ ਭਾਵ ਅਰਥ ਕੀ ਦੱਸਿਆ ਗਿਆ ਸੀ-

(ੳ) ਭਾਰਤ ਵਿੱਚ ਇਕ ਰਾਸਟਰ ਵੱਸਦਾ ਹੈ।

(ਅ) ਭਾਰਤ ਵਿੱਚ ਅਨੇਕਾਂ ਰਾਸਟ੍ਰੀਅਤਾ ਦੇ ਲੋਕ ਵੱਸਦੇ ਹਨ।

(ੲ) ਭਾਰਤ ਵਿੱਚ ਕੇਵਲ ਮੁਸਲਿਮ ਰਾਸਟਰ ਵੱਸਦਾ ਹੈ।

(ਸ) ਭਾਰਤ ਵਿੱਚ ਮੁਸਲਿਮ ਰਾਸਟਰ ਅਤੇ ਹਿੰਦੂ ਰਾਸਟਰ ਵੱਸਦੇ ਹਨ।

ਉੱਤਰ (ਸ) ਭਾਰਤ ਵਿੱਚ ਮੁਸਲਿਮ ਰਾਸਟਰ ਅਤੇ ਹਿੰਦੂ ਰਾਸਟਰ ਵੱਸਦੇ ਹਨ।

ਪ੍ਰਸ਼ਨ:-ਭਾਰਤੀ ਸੰਘ ਦੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਹੈ।

(ੳ) ਧਰਮ ਦੇ ਆਧਾਰ ਤੇ (ਅ) ਖੇਤਰ ਦੇ ਆਧਾਰ ਤੇ

(ੲ) ਸੰਪ੍ਰਦਾਇਕਤਾ ਦੇ ਆਧਾਰ ਤੇ (ਸ) ਭਾਸ਼ਾ ਦੇ ਆਧਾਰ ਤੇ

ਉੱਤਰ (ਸ)ਭਾਸ਼ਾ ਦੇ ਆਧਾਰ ਤ

ਪ੍ਰਸ਼ਨ:-ਭਾਰਤੀ ਲੋਕਤੰਤਰ ਲਈ ਕਿਹੜੀ ਚੁਣੌਤੀ ਨਹੀਂ ਹੈ:-

(ੳ) ਅਲੱਗਵਾਦ (ਅ) ਰਾਜਨੀਤਿਕ ਹਿੰਸਾ

(ੲ) ਧਾਰਮਿਕ ਸੰਪ੍ਰਦਾਇਕਤਾ (ਸ) ਸੰਘਾਤਮਕ ਸਾਸਨ ਪ੍ਰਣਾਲੀ

ਉੱਤਰ (ਸ) ਸੰਘਾਤਮਕ ਸਾਸ਼ਨ ਪ੍ਰਣਾਲੀ

**ਖਾਲੀ ਥਾਵਾਂ ਭਰੋ।**

ਪ੍ਰਸ਼ਨ:-ਸਮਾਜਿਕ ਅਸਮਾਨਤਾ ਸਮਾਜਿਕ ਤੌਰ ਤੇ ਦੱਬੇ ਹੋਏ ਲੋਕਾਂ ਅੰਦਰ ____________ਉਦਾਸੀਨਤਾ ਪੈਦਾ ਕਰਦੀ ਹੈ।

ਉੱਤਰ:- ਰਾਜਨੀਤਿਕ

ਪ੍ਰਸ਼ਨ:- ____________ਭਾਰਤ ਲਈ ਸਭ ਤੋਂ ਵੱਡੀ ਖਤਰਨਾਕ ਸਮੱਸਿਆ ਹੈ।

ਉੱਤਰ:- ਸੰਪ੍ਰਦਾਇਕਤਾ

ਪ੍ਰਸ਼ਨ:-1947 ਮਗਰੋਂ ____________ਦਾ ਪਤਨ ਹੋਇਆ ਹੈ।

ਉੱਤਰ:- ਰਾਸ਼ਟਰੀਅਤਾ ਦੀ ਭਾਵਨਾ

ਪ੍ਰਸ਼ਨ:-ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਏ____________ ਸੰਪ੍ਰਦਾਇਕਤਾ ਦੀ ਗੰਭੀਰ ਸਮੱਸਿਆ ਦਾ ਚਿੰਨ ਹਨ।

ਉੱਤਰ:- ਫਿਰਕੂ ਦੰਗੇ

ਪ੍ਰਸ਼ਨ:-ਧਰਮ ਦੇ ਆਧਾਰ ਤੇ ____________ਦੀ ਹੋਂਦ ਸੰਪ੍ਰਦਾਇਕਤਾ ਨੂੰ ਬੜਾਵਾ ਦਿੰਦੀ ਹੈ।

ਉੱਤਰ:- ਰਾਜਨੀਤਿਕ ਦਲਾਂ।

**ਸਹੀ/ਗਲਤ**

1. ਭਾਰਤੀ ਲੋਕਤੰਤਰ ਨੂੰ ਕੋਈ ਗੰਭੀਰ ਸਮੱਸਿਆ ਜਾਂ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪੈ

ਰਿਹਾ ਹੈ। (×)

2. ਅਨਪੜ੍ਹਤਾ ਭਾਰਤੀ ਲੋਕਤੰਤਰ ਤੇ ਕੋਈ ਮੰਦਾ ਪ੍ਰਭਾਵ ਨਹੀਂ ਪਾਉਂਦੀ ਹੈ। (×)
3. ਭਾਰਤ ਵਿੱਚ 2011 ਦੀ ਜਨਗਣਨਾ ਅਨੁਸਾਰ ਸਾਖਰਤਾ ਦੀ ਦਰ 74.5% ਹੋ ਗਈ ਹੈ। (✓)
4. ਭਾਰਤ ਵਿੱਚ ਖੇਤਰਵਾਦ ਦੀ ਭਾਵਨਾ ਨੇ ਖੇਤਰੀ ਰਾਜਨੀਤਿਕ ਦਲਾਂ ਦੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ। (✓)
5. ਸੰਪ੍ਰਦਾਇਕਤਾ ਭਾਰਤੀ ਲੋਕਤੰਤਰ ਦੇ ਸਾਹਮਣੇ ਇੱਕ ਵੱਡੀ ਚੁਣੌਤੀ ਹੈ। (✓)

**ਸਹੀ ਮਿਲਾਨ ਕਰੋ।**

1.
- 1. ਰਾਸਟਰੀ ਏਕੀਕਰਣ — (ਉ) ਫਿਰਕੂ ਦੰਗੇ
- 2. ਸੰਪਰਦਾਇਕਤਾ — (ਅ) ਜਾਤੀਵਾਦ

2.
- 1. ਸਮਾਜਿਕ ਅਸਮਾਨਤਾ — (ੳ)ਜਾਤੀ ਜਾਂ ਧਰਮ ਦੇ ਅਧਾਰ ਤੇ ਰਾਜਨੀਤਿਕ ਦਲਾਂ ਦਾ ਨਿਰਮਾਣ
- 2. ਅਣਲੋਕਤੰਤਰੀ — (ਅ) ਸਮਾਜਿਕ ਤਨਾਉ

3.
- 1. ਸਮਾਜਿਕ ਅਸਮਾਨਤਾ — (ੳ) ਕਮਜ਼ੋਰ ਵਰਗਾਂ ਨਾਲ ਵਿਤਕਰਾ
- 2. ਆਰਥਿਕ ਅਸਮਾਨਤਾ — (ਅ) ਮਨੁੱਖ ਦਾ ਸੋਸਣ

4.
- 1. ਵੱਧਦੀ ਜਨ ਸੰਖਿਆ — (ੳ) 74.5% ਸਾਖਰਤਾ ਦਰ
- 2. 2011 ਦੀ ਜਨਗਣਨਾ — (ਅ) ਗਰੀਬੀ, ਬੇਰੁਜਗਾਰੀ, ਅਨਪੜ੍ਹਤਾ ਵਰਗੀਆਂ ਸਮੱਸਿਆਵਾਂ ਦਾ ਪੈਦਾ ਹੋਣਾ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1.ਅੱਤਵਾਦੀ ਹਿੰਸਾ ਕਿਸ ਨੂੰ ਆਖਦੇ ਹਨ?
ਉਤਰ ਅੱਤਵਾਦੀਆਂ ਦੁਆਰਾ ਕੀਤੀ ਜਾਣ ਵਾਲੀ ਹਿੰਸਾ ਨੂੰ ਅੱਤਵਾਦੀ ਹਿੰਸਾ ਕਹਿੰਦੇ ਹਨ।
ਪ੍ਰਸ਼ਨ 2. ਭਾਰਤੀ ਲੋਕਤੰਤਰ ਉਤੇ ਹਿੰਸਾ ਦਾ ਕੋਈ ਇਕ ਪ੍ਰਭਾਵ ਲਿਖੋ।
ਉੱਤਰ ਹਿੰਸਾ ਦੇ ਕਾਰਨ ਵੋਟਰ ਆਪਣੀ ਵੋਟ ਦਾ ਉਚਿਤ ਢੰਗ ਨਾਲ ਪ੍ਰਯੋਗ ਨਹੀਂ ਕਰ ਸਕਦੇ।
ਪ੍ਰਸ਼ਨ 3. ਡੀ ਐਮ ਕੇ ਦਾ ਸਬੰਧ ਕਿਸ ਰਾਜ ਨਾਲ ਹੈ?
ਉੱਤਰ ਡੀ ਐਮ ਕੇ ਦਾ ਸੰਬੰਧ ਤਾਮਿਲਨਾਡੂ ਨਾਲ ਹੈ।
ਪ੍ਰਸ਼ਨ 4. ਹਿੰਸਾ ਦੇ ਕੋਈ ਦੋ ਰੂਪ ਲਿਖੋ।
ਉੱਤਰ 1. ਰਾਜਨੀਤਿਕ ਹਿੰਸਾ 2. ਸੰਪ੍ਰਦਾਇਕ ਹਿੰਸਾ।
ਪ੍ਰਸ਼ਨ 5. ਕੀ ਭਾਰਤ ਵਿੱਚ ਅੱਤਵਾਦੀ ਹਿੰਸਾ ਪਾਈ ਜਾਂਦੀ ਹੈ।
ਉੱਤਰ ਹਾਂ, ਭਾਰਤ ਵਿੱਚ ਅੱਤਵਾਦੀ ਹਿੰਸਾ ਪਾਈ ਜਾਂਦੀ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ 1ਜਨਤਕ ਜੀਵਨ ਵਿੱਚ ਵਧ ਰਹੀ ਹਿੰਸਾ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?
ਪ੍ਰਸ਼ਨ 2 ਭਾਰਤੀ ਲੋਕਤੰਤਰ ਦੀਆਂ ਸਮੱਸਿਆਵਾਂ ਦਾ ਕੀ ਭਾਵ ਹੈ?
ਪ੍ਰਸ਼ਨ 3 'ਆਰਥਿਕ ਸੁਰੱਖਿਆ ਤੋਂ ਬਿਨਾਂ ਆਰਥਿਕ ਨਿਆਂ ਦੀ ਪ੍ਰਾਪਤੀ ਨਿਰਮੂਲ ਅਤੇ ਹੈ' ਵਿਆਖਿਆ ਕਰੋ।

## ਪਾਠ-16
## ਸਥਾਨਕ ਲੋਕਤੰਤਰ
## ਪੰਚਾਇਤੀ ਰਾਜ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:-1. ਭਾਰਤ ਵਿੱਚ ਪੰਚਾਇਤੀ ਰਾਜ ਦਾ ਆਗਮਨ ਹੋਇਆ ਸੀ।

(a) 15 ਅਗਸਤ 1947 ਨੂੰ (b) 26 ਜਨਵਰੀ 1950 ਨੂੰ

(c) 2 ਅਕਤੂਬਰ 1959 ਨੂੰ (d) 25 ਜੂਨ 1975 ਨੂੰ

ਉੱਤਰ (c) 2 ਅਕਤੂਬਰ 1959 ਨੂੰ

ਪ੍ਰਸ਼ਨ:-2.ਪ੍ਰਾਚੀਨ ਭਾਰਤ ਵਿੱਚ ਪੰਚਾਇਤਾਂ ਨੂੰ ਜਾਣਿਆ ਜਾਂਦਾ ਸੀ-

(a) ਸਥਾਨਿਕ ਸੰਸਥਾਵਾਂ ਦੇ ਨਾਂ ਤੋਂ (b) ਲਿਟਲ ਰਿਪਬਲਿਕਨ ਦੇ ਨਾਂ ਤੋਂ

(c)ਸਵੈ-ਸਾਸਨ ਦੀਆਂ ਸੰਸਥਾਵਾਂ ਤੋਂ (d) ਲੋਕਾਂ ਦੀਆਂ ਸੰਸਥਾਵਾਂ ਦੇ ਨਾਂ ਤੋਂ

ਉੱਤਰ:-(b) ਲਿਟਲ ਰਿਪਬਲਿਕਨ ਦੇ ਨਾਂ ਤੋਂ

ਪ੍ਰਸ਼ਨ:- 3. ਸੁਤੰਤਰ ਭਾਰਤ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਲਾਗੂ ਕੀਤੀ ਗਈ ਸੀ-

(a) ਅਸ਼ੋਕ ਮਹਿਤਾ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ

(b) ਬਲਵੰਤ ਰਾਏ ਮਹਿਤਾ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ

(c) ਸਰਵ ਭਾਰਤੀ ਦਲਾਂ ਦੁਆਰਾ ਸਥਾਪਿਤ ਨਹਿਰੂ ਸੰਮਤੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ

(d) ਭਾਰਤ ਸਰਕਾਰ ਦੁਆਰਾ ਜਸਟਿਸ ਵੈਕਟਚਲਾਈਆ ਦੀ ਅਗਵਾਈ ਅਧੀਨ ਬਣਾਈ ਗਈ ਸੰਮਤੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ।

ਉੱਤਰ (b) ਬਲਵੰਤ ਰਾਏ ਮਹਿਤਾ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ

ਪ੍ਰਸ਼ਨ:-4. ਭਾਰਤ ਦੇ ਕਿਹੜੇ ਰਾਜ ਵਿੱਚ ਸਭ ਤੋਂ ਪਹਿਲਾਂ ਪੰਚਾਇਤਾ ਸਥਾਪਿਤ ਕੀਤੀਆਂ ਗਈਆਂਸਨ।

(a) ਪੰਜਾਬ ਰਾਜ ਵਿੱਚ (b) ਉੱਤਰ ਪ੍ਰਦੇਸ਼ ਰਾਜ ਵਿੱਚ

(c) ਰਾਜਸਥਾਨ ਰਾਜ ਵਿੱਚ (d) ਮੱਧ ਪ੍ਰਦੇਸ਼ ਰਾਜ ਵਿੱਚ।

ਉੱਤਰ (c) ਰਾਜਸਥਾਨ ਰਾਜ ਵਿੱਚ

ਪ੍ਰਸ਼ਨ:-5.ਭਾਰਤ ਵਿੱਚ ਪੰਚਾਇਤਾਂ ਨੂੰ ਸੰਵਿਧਾਨਿਕ ਮਾਨਤਾ ਸੰਸਦ ਨੇ ਕਿਹੜੀ ਸੰਵਿਧਾਨਿਕ ਸੋਧ ਅਤੇ ਕਦੋਂ ਪਾਸ ਕਰਕੇ ਦਿੱਤੀ ਸੀ।

(a) 52ਵੀਂ ਸੰਵਿਧਾਨਿਕ ਸੋਧ 1985 ਵਿੱਚ

(b) 65ਵੀਂ ਸੰਵਿਧਾਨਿਕ ਸੋਧ 1990 ਵਿੱਚ

(c) 70ਵੀਂ ਸੰਵਿਧਾਨਿਕ ਸੋਧ 1991 ਵਿੱਚ

(d) 73ਵੀਂ ਸੰਵਿਧਾਨਿਕ ਸੋਧ 1992 ਵਿੱਚ

ਉੱਤਰ (d) 73ਵੀਂ ਸੰਵਿਧਾਨਿਕ ਸੋਧ 1992 ਵਿੱਚ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-ਪੰਚਾਇਤਾਂ ਪੁਰਾਤਨ ਸਮੇਂ ਵੀ ____________ਵਿੱਚ ਹੁੰਦੀਆਂ ਸਨ।

ਉੱਤਰ:- ਭਾਰਤ

ਪ੍ਰਸ਼ਨ:- ਸੁਤੰਤਰ ਭਾਰਤ ਵਿੱਚ ਪੰਚਾਇਤੀ ਰਾਜ ਦਾ ਆਗਮਨ ________ਵਿੱਚ ਰਾਜਸਥਾਨ ਰਾਜ ਤੋਂ ਹੋਇਆ ਸੀ।

ਉੱਤਰ:- 2 ਅਕਤੂਬਰ 1959

ਪ੍ਰਸ਼ਨ:-1992 ਵਿੱਚ 73ਵੀਂ ਸੰਵਿਧਾਨਿਕ ਸੋਧ ਪਾਸ ਹੋਣ ਤੋਂ ਪਹਿਲਾਂ ਸਥਾਨਿਕ ਪਧੱਰ ਦੇ ਪੇਂਡੂ ਸਵੈ-ਸ਼ਾਸਨ ਨੂੰ ________ਮਾਨਤਾ ਨਹੀਂ ਸੀ।

ਉੱਤਰ:-ਸੰਵਿਧਾਨਕ

ਪ੍ਰਸ਼ਨ:-ਗਿਆਰਵੀਂ ਅਨੁਸੂਚੀ ਵਿੱਚ ਉਹ ____________ ਅੰਕਿਤ ਹਨ ਜਿਨਾਂ ਸੰਬੰਧੀ ਪੰਚਾਇਤਾਂ ਨੂੰ ਸ਼ਕਤੀਆਂ ਦਿੱਤੀਆਂ ਗਈਆਂ ਹਨ।

ਉੱਤਰ:- ਵਿਸ਼ੇ

**ਠੀਕ ਜਾਂ ਗਲਤ**

1. ਭਾਰਤ ਵਿੱਚ ਪੰਚਾਇਤੀ ਰਾਜ ਨੂੰ ਹੇਠਲੇ ਪੱਧਰ ਦਾ ਲੋਕਤੰਤਰ ਕਿਹਾ ਜਾਂਦਾ ਹੈ। (✓)
2. ਭਾਰਤ ਵਿੱਚ ਹੇਠਲੇ ਪੱਧਰ ਦੇ ਲੋਕਤੰਤਰ ਨੂੰ ਸੰਵਿਧਾਨਿਕ ਮਾਨਤਾ ਪ੍ਰਾਪਤ ਨਹੀਂ ਹੈ। (×)
3. ਪ੍ਰਾਚੀਨ ਭਾਰਤ ਵਿੱਚ ਪੰਚਾਇਤੀ ਰਾਜ ਵਰਗੀਆਂ ਸੰਸਥਾਵਾਂ ਦੀ ਹੋਂਦ ਨਹੀਂ ਸੀ। (×)
4. ਭਾਰਤ ਵਿੱਚ ਸਹਿਰੀ ਸਥਾਨਕ ਸੰਸਥਾਵਾਂ ਦੀ ਵਿਵਸਥਾ ਕਰਨ ਲਈ 74ਵੀਂ ਸੰਵਿਧਾਨਿਕ ਸੋਧ 1992 ਵਿੱਚ ਪਾਸ ਕੀਤੀ ਗਈ ਸੀ। (✓)
5. 73ਵੀਂ ਸੰਵਿਧਾਨਿਕ ਸੋਧ ਨੇ ਪੰਚਾਇਤੀ ਰਾਜ ਦੀਆਂ ਸੰਸਥਾਵਾਂ ਦੀ ਚੋਣ ਕਰਵਾਉਣ ਲਈ ਹਰੇਕ ਰਾਜ ਵਿੱਚ ਚੋਣ ਆਯੋਗ ਦੀ ਵਿਵਸਥਾ ਕੀਤੀ ਹੈ। (✓)

**ਸਹੀ ਮਿਲਾਨ ਕਰੋ।**

1. (ੳ) ਚੋਣ ਆਯੋਗ → (ੳ) ਗਿਆਰਵੀਂ ਅਨੁਸੂਚੀ
   (ਅ) ਪੰਚਾਇਤੀ ਸਕਤੀਆਂ → (ਅ) 73ਵੀਂ ਸੰਵਿਧਾਨਿਕ ਸੋਧ

2. (ੳ) ਭਾਰਤ ਵਿੱਚ ਪੰਚਾਇਤਾ ਦਾ ਆਗਮਨ → (ੳ) 73ਵੀਂ ਸੰਵਿਧਾਨਿਕ ਸੋਧ 1992
   (ਅ) ਭਾਰਤ ਵਿੱਚ ਪੰਚਾਇਤਾ ਨੂੰ ਸੰਵਿਧਾਨਿਕ ਮਾਨਤਾ → (ਅ) 2 ਅਕਤੂਬਰ 1959

3. (ੳ) ਗ੍ਰਾਮ ਪੰਚਾਇਤ ਦੀ ਚੋਣ ਲੜਨ ਲਈ → (ੳ) 18 ਸਾਲ
   (ਅ) ਵੋਟਰ ਬਣਨ ਲਈ → (ਅ) 21 ਸਾਲ

**ਛੋਟੇ ਉੱਤਰਾਂ ਵਾਲੇ ਪ੍ਰਸਨ**

ਪ੍ਰਸਨ:- 1: ਭਾਰਤ ਵਿੱਚ ਵੋਟਰ ਬਨਣ ਲਈ ਘੱਟੋ-ਘੱਟ ਕਿੰਨੀ ਉਮਰ ਗਠਿਤ ਕੀਤੀ ਗਈ ਹੈ।

ਉੱਤਰ:- 18 ਸਾਲ

ਪ੍ਰਸਨ 2:- ਗ੍ਰਾਮ ਪੰਚਾਇਤ ਦੀ ਚੋਣ ਲੜਨ ਲਈ ਘੱਟ ਤੋਂ ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ?

ਉੱਤਰ:- 21 ਸਾਲ ਦੀ ਉਮਰ ਹੋਣੀ ਚਾਹੀਦੀ ਹੈ।

ਪ੍ਰਸਨ 3:-ਪੰਚਾਇਤੀ ਰਾਜ ਪ੍ਰਣਾਲੀ ਦਾ ਢਾਂਚਾ ਕਿਹੜੀ ਸਮਿਤੀ ਦੀਆਂ ਸਿਫਾਰਸਾ ਉਤੇ ਆਧਾਰਿਤ ਹੈ?

ਉੱਤਰ:- ਬਲਵੰਤ ਰਾਏ ਮਹਿਤਾ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ।

ਪ੍ਰਸਨ 4:-ਪੰਚਾਇਤੀ ਰਾਜ ਨਾਲ ਸਬੰਧਿਤ 73ਵਾਂ ਸੰਵਿਧਾਨਿਕ ਸੋਸੰਧਨ ਕਦੋਂ ਲਾਗੂ ਹੋਇਆ ਸੀ?

ਉੱਤਰ:- ਪੰਚਾਇਤੀ ਰਾਜ ਨਾਲ ਸਬੰਧਿਤ 73ਵਾਂ ਸੰਵਿਧਾਨਿਕ ਸੰਸੋਧਨ 1993 ਵਿੱਚ ਲਾਗੂ ਹੋਇਆ ਸੀ।

ਪ੍ਰਸਨ 5:-ਬਲਵੰਤ ਰਾਏ ਮਹਿਤਾ ਸਮਿਤੀ ਦੀਆਂ ਸਿਫਾਰਸਾਂ ਦੇ ਆਧਾਰ ਤੇ ਕਿੰਨੇ ਪੱਧਰੀ ਪੰਚਾਇਤੀ ਰਾਜ ਦੀ ਵਿਵਸਥਾ ਕੀਤੀ ਗਈ ਸੀ।

ਉੱਤਰ:-ਤਿੰਨ ਪੱਧਰੀ ਪੰਚਾਇਤੀ ਰਾਜ ਦੀ ਵਿਵਸਥਾ ਕੀਤੀ ਗਈ ਸੀ।

**ਵੱਡੇ ਉੱਤਰਾ ਵਾਲੇ ਵਾਲੇ ਪ੍ਰਸਨ**

ਪ੍ਰਸਨ 1:-ਪੰਚਾਇਤਾਂ ਸਬੰਧੀ ਭਾਰਤੀ ਸੰਵਿਧਾਨ ਦੀ ਵਿਵਸਥਾ ਕਰਦਾ ਹੈ?

ਪ੍ਰਸਨ 2:-ਸਥਾਨਿਕ ਪੱਧਰ ਦੇ ਲੋਕਤੰਤਰ ਦਾ ਕੀ ਅਰਥ ਹੈ?

ਪ੍ਰਸਨ 3:-ਪੰਚਾਇਤੀ ਰਾਜ ਦਾ ਤਿੰਨ ਪੜਾਵੀ ਢਾਂਚਾ ਕੀ ਹੈ?

ਪ੍ਰਸਨ 4:-ਗ੍ਰਾਮ ਪੰਚਾਇਤ ਦੇ ਕੋਈ ਪੰਜ ਸਰਵਜਨਕ ਕੰਮ ਲਿਖੋ।

## ਪਾਠ-17
## ਸ਼ਹਿਰੀ ਖੇਤਰ ਵਿੱਚ ਸਥਾਨਕ ਸੰਸਥਾਵਾਂ

**ਬਹੁ ਵਿਕਲਪੀ ਪ੍ਰਸ਼ਨ :-**

ਪ੍ਰਸ਼ਨ:-1.ਪੰਜਾਬ ਵਿੱਚ ਕਿਹੜੇ ਸ਼ਹਿਰ ਵਿੱਚ ਨਗਰ ਨਿਗਮ ਨਹੀਂ ਹੈ-

(a) ਪਟਿਆਲਾ (b) ਲੁਧਿਆਣਾ (c) ਅੰਮ੍ਰਿਤਸਰ (d) ਕਪੂਰਥਲਾ

ਉੱਤਰ:- (d) ਕਪੂਰਥਲਾ

ਪ੍ਰਸ਼ਨ:- ਭਾਰਤ ਦੇ ਸ਼ਹਿਰਾਂ ਵਿੱਚ ਸਵੈ-ਸ਼ਾਸਨ ਦੀਆਂ ਸੰਸਥਾਵਾਂ ਸਥਾਪਿਤ ਕਰਨ ਲਈ ਸੰਵਿਧਾਨਿਕ ਸੋਧ ਪਾਸ ਕੀਤੀ ਗਈ ਸੀ।

(a) 73ਵੀਂ ਸੰਵਿਧਾਨਿਕ ਸੋਧ 1992 ਵਿੱਚ
(b) 74ਵੀਂ ਸੰਵਿਧਾਨਿਕ ਸੋਧ 1992 ਵਿੱਚ
(c) 93ਵੀਂ ਸੰਵਿਧਾਨਿਕ ਸੋਧ 1996 ਵਿੱਚ
(d) 94 ਵੀਂ ਸੰਵਿਧਾਨਿਕ ਸੋਧ 1997 ਵਿੱਚ

ਉੱਤਰ:-(b) 74ਵੀਂ ਸੰਵਿਧਾਨਿਕ ਸੋਧ 1992 ਵਿੱਚ

ਪ੍ਰਸ਼ਨ:-ਸ਼ਹਿਰੀ ਸਵੈ ਸ਼ਾਸਨ ਦੀਆਂ ਸੰਸਥਾਵਾਂ ਨੂੰ ਦਿੱਤੀਆਂ ਸ਼ਕਤੀਆਂ ਸੰਵਿਧਾਨ ਦੀ ਕਿਹੜੀ ਅਨੁਸੂਚੀ ਵਿੱਚ ਅੰਕਿਤ ਕੀਤੀਆਂ ਗਈਆਂ ਹਨ?

(a) 9ਵੀਂ ਅਨੁਸੂਚੀ ਵਿੱਚ
(b) 10ਵੀਂ ਅਨੁਸੂਚੀ ਵਿੱਚ
(c) 12ਵੀਂ ਅਨੁਸੂਚੀ ਵਿੱਚ
(d) 11ਵੀਂ ਅਨੁਸੂਚੀ ਵਿੱਚ

ਉੱਤਰ:- (c) 12ਵੀਂ ਅਨੁਸੂਚੀ ਵਿੱਚ

ਪ੍ਰਸ਼ਨ:-ਨਗਰ ਨਿਗਮ ਕਿਥੇ ਸਥਾਪਿਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਥਾਪਿਤ ਕਰਨ ਲਈ ਕਾਨੂੰਨ ਕੌਣ ਪਾਸ ਕਰਦਾ ਹੈ-

(a) ਛੋਟੇ ਨਗਰਾਂ ਵਿੱਚ ਅਤੇ ਕਨੂੰਨ ਸੰਸਦ ਪਾਸ ਕਰਦੀ ਹੈ।
(b) ਪਿੰਡਾਂ ਦੇ ਸਮੂਹਾਂ ਲਈ ਅਤੇ ਕਨੂੰਨ ਰਾਜ ਵਿਧਾਨ ਮੰਡਲ ਪਾਸ ਕਰਦੀ ਹੈ।
(c) ਕੇਂਦਰ ਅਤੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਅਤੇ ਕਨੂੰਨ ਰਾਜ ਵਿਧਾਨ ਮੰਡਲ ਪਾਸ ਕਰਦੇ ਹਨ।
(d) ਵੱਡੇ ਵੱਡੇ ਸਹਿਰਾਂ ਵਿੱਚ ਅਤੇ ਕਨੂੰਨ ਰਾਜ ਵਿਧਾਨ ਮੰਡਲ ਪਾਸ ਕਰਦੇ ਹਨ।

ਉੱਤਰ (d) ਵੱਡੇ ਵੱਡੇ ਸਹਿਰਾਂ ਵਿੱਚ ਅਤੇ ਕਨੂੰਨ ਰਾਜ ਵਿਧਾਨ ਮੰਡਲ ਪਾਸ ਕਰਦੇ ਹਨ।

ਪ੍ਰਸ਼ਨ:- ਪੰਚਾਇਤੀ ਰਾਜ ਦੀਆਂ ਸੰਸਥਾਵਾਂ ਅਤੇ ਸਹਿਰੀ ਖੇਤਰ ਦੀਆਂ ਸਵੈ ਸਾਸਨ ਦੀਆਂ ਸਥਾਨਿਕ ਸੰਸਥਾਵਾਂ ਨੂੰ ਸਮੂਹਿਕ ਰੂਪ ਵਿੱਚ ਕਹਿੰਦੇ ਹਨ।

(a) ਲੋਕਤੰਤਰ (b) ਸੰਸਦੀ ਸਾਸਨ ਪ੍ਰਣਾਲੀ
(c) ਹੇਠਲੇ ਪੱਧਰ ਦਾ ਲੋਕਤੰਤਰ (d) ਜਨਤੰਤਰ

ਉੱਤਰ (c) ਹੇਠਲੇ ਪੱਧਰ ਦਾ ਲੋਕਤੰਤਰ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-ਸਥਾਨਿਕ ਸਵੈ-ਸ਼ਾਸਨ ਦੀਆਂ ਸੰਸਥਾਵਾਂ ਨੂੰ ਸਮੂਹਿਕ ਰੂਪ ਵਿੱਚ------ ਕਹਿੰਦੇ ਹਨ।

ਉੱਤਰ:- ਹੇਠਲੇ ਪੱਧਰ ਦਾ ਲੋਕਤੰਤਰ

ਪ੍ਰਸ਼ਨ:-ਵੱਡੇ ਵੱਡੇ ਸ਼ਹਿਰਾਂ ਵਿੱਚ ਨਗਰ ਪਾਲਿਕਾਵਾਂ ਨਹੀਂ ਹੁੰਦੀਆਂ ਸਗੋਂ ਨਗਰ.....................ਹੁੰਦੇ ਹਨ।

ਉੱਤਰ:- ਨਿਗਮ

ਪ੍ਰਸ਼ਨ:-----------ਵਿੱਚ ਵੱਡੇ ਸ਼ਹਿਰਾਂ ਵਿੱਚ ਨਗਰ ਨਿਗਮ ਸਥਾਪਿਤ ਕਰਨ ਲਈ ਪੰਜਾਬ ਵਿਧਾਨ ਸਭਾ ਨੇ ਇੱਕ ਕਾਨੂੰਨ ਪਾਸ ਕੀਤਾ ਸੀ।

ਉੱਤਰ:-1976

ਪ੍ਰਸ਼ਨ:-ਨਗਰ ਨਿਗਮ ਦਾ ਮੁੱਖੀ ਇੱਕ------ ਹੁੰਦਾ ਹੈ। ਜਿਸ ਦੀ ਚੋਣ ਨਗਰ ਨਿਗਮ ਦੇ ਮੈਂਬਰ ਕਰਦੇ ਹਨ।

ਉੱਤਰ:- ਮੇਅਰ

ਪ੍ਰਸ਼ਨ:-ਨਗਰ ਨਿਗਮ ਦਾ ਕਾਰਜਕਾਰੀ ਅਧਿਕਾਰੀ-----------ਹੁੰਦਾ ਹੈ। ਜਿਸ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਂਦੀ ਹੈ।

ਉੱਤਰ:- ਕਮਿਸ਼ਨਰ

**ਠੀਕ ਜਾਂ ਗਲਤ**

1. ਨਗਰ ਨਿਗਮ ਪੰਜਾਬ ਦੇ ਹਰੇਕ ਸ਼ਹਿਰ ਵਿੱਚ ਸਥਾਪਿਤ ਕੀਤੀ ਗਈ ਹੈ। (×)
2. ਸੰਵਿਧਾਨ ਦੀ 74ਵੀਂ ਸੋਧ ਦੁਆਰਾ ਰਾਜਾਂ ਵਿੱਚ ਸਹਿਰੀ ਸਥਾਨਕ ਸਾਸਨ ਦੀ ਨਵੀਂ ਪ੍ਰਣਾਲੀ ਲਾਗੂ ਕੀਤੀ ਗਈ ਹੈ। (✓)
3. 1994 ਵਿੱਚ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਇੱਕ ਕਾਨੂੰਨ ਦੁਆਰਾ ਪੰਜਾਬ ਦੇ 55 ਸ਼ਹਿਰ ਨਗਰ ਪਰਿਸ਼ਦਾਂ ਸਥਾਪਿਤ ਕੀਤੀਆਂ ਗਈਆਂ ਸਨ। (×)
4. ਪੰਜਾਬ ਨਗਰ ਪਾਲਿਕਾਵਾਂ ਸਬੰਧੀ ਕਾਨੂੰਨ ਪੰਜਾਬ ਵਿੱਚ ਨਿਗਮਾਂ ਦੀ ਵਿਵਸਥਾ ਨਹੀਂ ਕਰਦਾ ਹੈ। (✓)
5. ਪੰਜਾਬ ਵਿੱਚ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਸ਼ਹਿਰ ਲਈ ਨਗਰ ਨਿਗਮਾਂ ਦੀ ਵਿਵਸਥਾ ਕੀਤੀ ਗਈ ਹੈ। (✓)

**ਸਹੀ ਮਿ ਲਾਨ ਕਰੋ।**

(1) (ੳ) ਨਗਰ ਨਿਗਮ — (ੳ) ਅਧਿਅਕਸ਼
(ਅ) ਜਿਲਾ ਪਰਿਸਦ — (ਅ) ਮੇਅਰ

(2) (ੳ) ਨਗਰ ਨਿਗਮ ਕਾਨੂੰਨ — (ੳ) 74ਵੀਂ ਸੋਧ
(ਅ) ਸ਼ਹਿਰਾਂ ਵਿੱਚ ਨਵਾਂ ਸਥਾਨਿਕ ਪ੍ਰਬੰਧ — (ਅ) 1976

(3) (ੳ) ਸਥਾਨਿਕ ਸਵੈ ਸਾਸਨ — (ੳ) ਪੇਂਡੂ ਅਤੇ ਸ਼ਹਿਰੀ
(ਅ) ਸਥਾਨਿਕ ਸੰਸਥਾਵਾਂ — (ਅ) ਹੇਠਲੇ ਪੱਧਰ ਦਾ ਲੋਕਤੰਤਰ

(4) (ੳ) ਵੱਡੇ ਸ਼ਹਿਰ — (ੳ) ਨਗਰ ਪਾਲਿਕਾਵਾਂ
(ਅ) ਛੋਟੇ ਸ਼ਹਿਰ — (ਅ) ਨਗਰ ਨਿਗਮ

**ਛੋਟੇ ਉੱਤਰਾਂ ਵਾਲੇ ਪ੍ਰਸਨ**

ਪ੍ਰਸਨ 1:-ਸਥਾਨਕ ਸਵੈ-ਸ਼ਾਸਨ ਦੀ ਸਥਾਪਨਾ ਦਾ ਇੱਕ ਉਦੇਸ਼ ਲਿਖੋ।

ਉੱਤਰ:- ਸਥਾਨਕ ਸਵੈ-ਸ਼ਾਸਨ ਦੀ ਸਥਾਪਨਾ ਦਾ ਮੁੱਖ ਉਦੇਸ਼ ਪ੍ਰਤੱਖ ਲੋਕਤੰਤਰ ਦੀ ਸਿਖਲਾਈ ਦੇਣਾ ਅਤੇ ਲੋਕਾਂ ਨੂੰ ਸਥਾਨਿਕ ਪੱਧਰ ਦੀਆਂ ਸਮੱਸਿਆਵਾਂ ਨੂੰ ਆਪ ਹੱਲ ਕਰਨ ਦੇ ਯੋਗ ਬਣਾਉਣਾ।

ਪ੍ਰਸਨ 2:-ਨਗਰ ਨਿਗਮ ਦੇ ਮੇਅਰ ਦੀ ਚੋਣ ਕਿੰਨੇ ਸਾਲ ਲਈ ਕੀਤੀ ਜਾਂਦੀ ਹੈ?

ਉੱਤਰ:- ਨਗਰ ਨਿਗਮ ਦੇ ਮੇਅਰ ਦੀ ਚੋਣ ਪੰਜ ਸਾਲ ਲਈ ਕੀਤੀ ਜਾਂਦੀ ਹੈ।

ਪ੍ਰਸਨ 3:- ਨਗਰ ਨਿਗਮ ਦੀ ਆਮਦਨ ਦੇ ਦੋ ਸਾਧਨ ਲਿਖੋ।

ਉੱਤਰ 1. ਚੁੰਗੀ ਟੈਕਸ 2. ਹਾਊਸ ਟੈਕਸ

ਪ੍ਰਸਨ 4:- ਨਗਰ ਪਾਲਿਕਾ ਦਾ ਕੋਈ ਇੱਕ ਕੰਮ ਲਿਖੋ।

ਉੱਤਰ:- ਨਗਰ ਪਾਲਿਕਾ ਆਪਣੇ ਖੇਤਰ ਵਿੱਚ ਬਿਜਲੀ ਦਾ ਪ੍ਰਬੰਧ ਕਰਦੀ ਹੈ।

ਪ੍ਰਸਨ 5:- 74ਵਾਂ ਸੰਸ਼ੋਧਨ ਕਦੋਂ ਪਾਸ ਕੀਤਾ ਗਿਆ।

ਉੱਤਰ:- 74ਵਾਂ ਸੰਸ਼ੋਧਨ ਦਸੰਬਰ, 1992 ਵਿੱਚ ਪਾਸ ਕੀਤਾ ਗਿਆ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ :1 ਨਗਰ ਪਾਲਿਕਾ ਦੀ ਬਣਤਰ ਲਿਖੋ?

ਪ੍ਰਸ਼ਨ :2 ਨਗਰ ਨਿਗਮ ਕੀ ਹੁੰਦਾ ਹੈ?

ਪ੍ਰਸ਼ਨ :3 ਛਾਉਣੀ ਬੋਰਡ ਕੀ ਹੁੰਦਾ ਹੈ?

## ਪਾਠ-18
## ਭਾਰਤੀ ਦਲ ਪ੍ਰਣਾਲੀ ਦਾ ਸਰੂਪ ਜਾਂ ਪ੍ਰਕਿਰਤੀ

**ਬਹੁਵਿਕਲਪੀ ਪ੍ਰਸ਼ਨ**

ਪ੍ਰਸ਼ਨ:- ਭਾਰਤ ਵਿੱਚ ਵਿਰੋਧੀ ਦਲ ਨੂੰ ਮਾਨਤਾ ਪ੍ਰਾਪਤ ਹੁੰਦੀ ਹੈ, ਜੇਕਰ-

(a) ਕਿਸੇ ਵਿਰੋਧੀ ਦਲ ਨੂੰ ਕੁੱਲ ਸਥਾਨਾਂ ਦਾ 10ਵਾਂ ਭਾਗ ਪ੍ਰਾਪਤ ਹੋਇਆ ਹੋਵੇ।
(b) ਜੇਕਰ ਕਿਸੇ ਰਾਜਨੀਤਿਕ ਦਲ ਨੇ ਸਪਸ਼ਟ ਬਹੁਮਤ ਪ੍ਰਾਪਤ ਕੀਤਾ ਹੋਵੇ।
(c) ਜੇਕਰ ਕਿਸੇ ਗਠਬੰਧਨ ਨੂੰ ਲੋਕ ਸਭਾ ਦੇ ਕੁੱਲ ਸਥਾਨਾਂ ਦਾ 10ਵਾਂ ਭਾਗ ਪ੍ਰਾਪਤ ਹੋਇਆ ਹੋਵੇ।
(d) ਜੇਕਰ ਕਿਸੇ ਰਾਜਨੀਤਿਕ ਦਲ ਨੂੰ ਇੱਕ ਰਾਜ ਵਿਚੋਂ 25 ਸਥਾਨ ਪ੍ਰਾਪਤ ਹੋਏ ਹੋਣ।

ਉੱਤਰ:- (a) ਕਿਸੇ ਵਿਰੋਧੀ ਦਲ ਨੂੰ ਕੁੱਲ ਸਥਾਨਾਂ ਦਾ 10ਵਾਂ ਭਾਗ ਪ੍ਰਾਪਤ ਹੋਇਆ ਹੋਵੇ।

ਪ੍ਰਸ਼ਨ:- ਭਾਰਤ ਵਿੱਚ ਦਲ ਪ੍ਰਣਾਲੀ ਦਾ ਕਿਹੜਾ ਰੂਪ ਹੈ?

(a) ਇਕ ਦਲ ਪ੍ਰਣਾਲੀ
(b) ਬਹੁ ਦਲ ਪ੍ਰਣਾਲੀ
(c) ਦੋ ਦਲ ਪ੍ਰਣਾਲੀ
(d) ਇਕ ਦਲ ਦੀ ਪ੍ਰਮੁੱਖਤਾ ਵਾਲੀ ਬਹੁ ਦਲ ਪ੍ਰਣਾਲੀ

ਉੱਤਰ:- (b) ਬਹੁ ਦਲ ਪ੍ਰਣਾਲੀ

ਪ੍ਰਸ਼ਨ:- ਭਾਰਤੀ ਰਾਸਟਰੀ ਰਾਜਨੀਤਿਕ ਦਲਾਂ ਅਤੇ ਰਾਜ ਦਲਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ।

(a) ਭਾਰਤ ਸਰਕਾਰ ਦੁਆਰਾ
(b) ਭਾਰਤੀ ਮੰਤਰੀ ਮੰਡਲ ਦੁਆਰਾ
(c) ਚੋਣ ਆਯੋਗ ਦੁਆਰਾ
(d) ਲੋਕਾਂ ਦੁਆਰਾ

ਉੱਤਰ:- (C) ਚੋਣ ਆਯੋਗ ਦੁਆਰਾ

ਪ੍ਰਸ਼ਨ:- ਭਾਰਤ ਵਿੱਚ ਕਿਹੜੇ ਪ੍ਰਕਾਰ ਦੇ ਰਾਜਨੀਤਿਕ ਦਲ ਨਹੀਂ ਹਨ?

(a) ਚੋਣ ਆਯੋਗ ਦੁਆਰਾ ਮਾਨਤਾ ਪ੍ਰਾਪਤ ਰਾਸਟਰੀ ਰਾਜਨੀਤਿਕ ਦਲ
(b) ਚੋਣ ਆਯੋਗ ਦੀ ਮਾਨਤਾ ਪ੍ਰਾਪਤ ਰਾਜ ਦਲ
(c) ਚੋਣ ਆਯੋਗ ਦੀ ਮਾਨਤਾ ਪ੍ਰਾਪਤ ਨਾ ਹੋਣ ਵਾਲੇ ਚੋਣ ਆਯੋਗ ਕੋਲ ਰਜਿਸਟਰ ਰਾਜਨੀਤਿਕ ਦਲ
(d) ਅਜਿਹੇ ਦਲ ਜੋ ਚੋਣ ਆਯੋਗ ਕੋਲ ਰਜਿਸਟਰ ਨਹੀਂ ਹਨ।

ਉੱਤਰ:- (d) ਅਜਿਹੇ ਦਲ ਜੋ ਚੋਣ ਆਯੋਗ ਕੋਲ ਰਜਿਸਟਰ ਨਹੀਂ ਹਨ।

ਪ੍ਰਸ਼ਨ:-ਭਾਰਤ ਵਿੱਚ ਲਟਕਦੀ ਸੰਸਦ ਹੋਂਦ ਵਿੱਚ ਆਉਣ ਦਾ ਭਾਵ ਹੈ-

(a) ਸਾਧਾਰਨ ਚੋਣਾਂ ਮਗਰੋਂ ਦੋ ਰਾਜਨੀਤਿਕ ਦਲਾਂ ਨੂੰ ਬਹੁਮਤ ਪ੍ਰਾਪਤ ਹੋਇਆ ਹੈ।
(b) ਸਾਧਾਰਨ ਚੋਣਾਂ ਮਗਰੋਂ ਦੋ ਗਠਬੰਧਨਾਂ ਨੂੰ ਸਪੱਸਟ ਬਹੁਮਤ ਪ੍ਰਾਪਤ ਹੋਇਆ ਹੈ।
(c) ਸਾਧਾਰਨ ਚੋਣਾਂ ਮਗਰੋਂ ਕਿਸੇ ਵੀ ਰਾਜਨੀਤਿਕ ਦਲ ਨੂੰ ਲੋਕ ਸਭਾ ਵਿੱਚ ਸਪਸਟ ਬਹੁਮਤ ਪ੍ਰਾਪਤ ਨਹੀਂ ਹੋਇਆ ਹੈ।
(d) ਚੋਣਾਂ ਵਿੱਚ ਭਾਗ ਲੈਣ ਵਾਲੇ ਸਾਰੇ ਰਾਜਨੀਤਿਕ ਦਲਾਂ ਨੂੰ ਇਕੋ ਜਿੰਨੇ ਸਥਾਨ ਮਿਲੇ ਹਨ।

ਉੱਤਰ (c) ਸਾਧਾਰਨ ਚੋਣਾਂ ਮਗਰੋਂ ਕਿਸੇ ਵੀ ਰਾਜਨੀਤਿਕ ਦਲ ਨੂੰ ਲੋਕ ਸਭਾ ਵਿੱਚ ਸਪਸਟ ਬਹੁਮਤ ਪ੍ਰਾਪਤ ਨਹੀਂ ਹੋਇਆ ਹੈ।

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-ਭਾਰਤ ਵਿੱਚ ਦਲ ਪ੍ਰਣਾਲੀ ਦਾ ਸਰੂਪ ___________ ਹੈ।

ਉੱਤਰ:- ਬਹੁ ਦਲੀ

ਪ੍ਰਸ਼ਨ:-ਭਾਰਤ ਵਿੱਚ ___________ਰਾਸਟਰੀ ਰਾਜਨੀਤਿਕ ਦਲ ਹਨ।

ਉੱਤਰ:- ਸੱਤ

ਪ੍ਰਸ਼ਨ:-ਭਾਰਤ ਵਿੱਚ ਖੇਤਰੀ ਰਾਜਨੀਤਿਕ ਦਲਾਂ ਦੀ ਵਿਵਸਥਾ ਕਿਸੇ ______ਵਿੱਚ ਨਹੀਂ ਕੀਤੀ ਗਈ ਹੈ।

ਉੱਤਰ:- ਚੋਣ ਕਾਨੂੰਨ

ਪ੍ਰਸ਼ਨ:-ਆਮ ਬੋਲ ਚਾਲ ਵਿੱਚ ____________ਨੂੰ ਹੀ ਖੇਤਰੀ ਰਾਜਨੀਤਿਕ ਦਲ ਕਿਹਾ ਜਾਂਦਾ ਹੈ।

ਉੱਤਰ:- ਰਾਜ ਦਲਾਂ

ਪ੍ਰਸ਼ਨ:-ਭਾਰਤ ਵਿੱਚ ਵਿਰੋਧੀ ਧਿਰ ਦਾ ਸਰੂਪ ___________ਹੈ।

ਉੱਤਰ:- ਬਹੁ ਦਲੀ

**ਠੀਕ ਜਾਂ ਗਲਤ**

1. ਭਾਰਤ ਵਿੱਚ ਦੋ ਦਲ ਪ੍ਰਣਾਲੀ ਹੈ। (×)
2. ਭਾਰਤ ਵਿੱਚ ਇੱਕ ਦਲ ਦੀ ਪ੍ਰਮੁੱਖਤਾ ਵਾਲੀ ਬਹੁਦਲ ਪ੍ਰਣਾਲੀ ਹੈ। (×)
3. ਭਾਰਤ ਵਿੱਚ ਦੋ ਤਰ੍ਹਾਂ ਦੇ ਮਾਨਤਾ ਪ੍ਰਾਪਤ ਰਾਜਨੀਤਿਕ ਦਲ ਹਨ। (✓)
4. ਭਾਰਤ ਵਿੱਚ ਰਾਸਟਰ ਰਾਜਨੀਤਿਕ ਦਲਾਂ ਅਤੇ ਰਾਜ ਦਲਾਂ ਨੂੰ ਚੋਣ ਆਯੋਗ ਦੀ ਮਾਨਤਾ ਪ੍ਰਾਪਤ ਹੁੰਦੀ ਹੈ। (✓)
5. ਰਾਜਨੀਤਿਕ ਦਲਾਂ ਲਈ ਚੋਣ ਆਯੋਗ ਕੋਲ ਪੰਜੀਕਰਨ ਕਰਵਾਉਣਾ ਜਰੂਰੀ ਨਹੀਂ ਹੈ। (×)

**ਸਹੀ ਮਿਲਾਨ ਕਰੋ।**

| | |
|---|---|
| (1) (ੳ) ਬਹੁ ਦਲ ਪ੍ਰਣਾਲੀ | (ੳ) ਅਮਰੀਕਾ |
| (ਅ) ਦੋ ਦਲ ਪ੍ਰਣਾਲੀ | (ਅ) ਭਾਰਤ |
| (2) (ੳ) ਰਾਸਟਰੀ ਰਾਜਨੀਤਿਕ ਦਲ | (ੳ) ਅਕਾਲੀ ਦਲ |
| (ਅ) ਖੇਤਰੀ ਰਾਜਨੀਤਿਕ ਦਲ | (ਅ) ਕਾਂਗਰਸ ਦਲ |
| (3) (ੳ) ਰਾਸਟਰੀ ਰਾਜਨੀਤਿਕ ਦਲ | (ੳ) 10ਵੀਂ ਅਨੁਸੂਚੀ |
| (ਅ) ਰਾਜਨੀਤਿਕ ਦਲ | (ਅ) ਸੱਤ |
| (4) (ੳ) ਪਹਿਲੀ ਲੋਕ ਸਭਾ | (ੳ) 1985 |
| (ਅ) ਦਲ ਬਦਲੀ ਦੀ ਮਨਾਹੀ | (ਅ) 1952 |

**ਛੋਟੇ ਉੱਤਰਾਂ ਵਾਲੇ ਪ੍ਰਸਨ**

ਪ੍ਰਸਨ 1:-ਭਾਰਤ ਵਿੱਚ ਕਿਹੜੀ ਦਲ ਪ੍ਰਣਾਲੀ ਹੈ?

ਉੱਤਰ:- ਭਾਰਤ ਵਿੱਚ ਬਹੁਦਲ ਪ੍ਰਣਾਲੀ ਹੈ।

ਪ੍ਰਸਨ 2:-15 ਵੀਂ ਲੋਕ ਸਭਾ ਦੀਆਂ ਚੋਣਾਂ ਵਿੱਚ ਚੋਣ ਆਯੋਗ ਨੇ ਕਿੰਨੇ ਰਾਜ ਪੱਧਰੀ ਦਲਾਂ ਨੂੰ ਮਾਨਤਾ ਦਿੱਤੀ।

ਉੱਤਰ:-ਚੋਣ ਆਯੋਗ ਨੇ 44 ਰਾਜਨੀਤਿਕ ਦਲਾਂ ਨੂੰ ਰਾਜ ਪੱਧਰ ਦੇ ਰੂਪ ਵਿੱਚ ਮਾਨਤਾ ਦਿੱਤੀ।

ਪ੍ਰਸਨ 3:-ਭਾਰਤ ਵਿੱਚ ਦੋ ਰਾਸਟਰੀ ਰਾਜਨੀਤਿਕ ਦਲਾਂ ਦੇ ਨਾਂ ਲਿਖੋ।

ਉੱਤਰ:- 1. ਭਾਰਤੀ ਰਾਸਟਰੀ ਕਾਂਗਰਸ 2. ਭਾਰਤੀ ਜਨਤਾ ਪਾਰਟੀ

ਪ੍ਰਸਨ 4:-ਕੋਈ ਦੋ ਖੇਤਰੀ ਰਾਜਨੀਤਿਕ ਦਲਾਂ ਦੇ ਨਾਂ ਲਿਖੋ।

ਉੱਤਰ:-1.ਇੰਡੀਅਨ ਨੈਸ਼ਨਲ ਲੋਕ ਦਲ 2. ਸ੍ਰੋਮਣੀ ਅਕਾਲੀ ਦਲ

ਪ੍ਰਸਨ:-ਭਾਰਤ ਵਿੱਚ ਰਾਜਨੀਤਿਕ ਦਲਾਂ ਦਾ ਰਜਿਸਟ੍ਰੇਸਨ ਕਿਸ ਦੇ ਕੋਲ ਹੁੰਦਾ ਹੈ?

ਉੱਤਰ:-ਭਾਰਤ ਵਿੱਚ ਰਾਜਨੀਤਿਕ ਦਲਾ ਦਾ ਰਜਿਸਟ੍ਰੇਸਨ ਚੋਣ ਆਯੋਗ ਕੋਲ ਹੁੰਦੀ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸਨ**

**ਪ੍ਰਸਨ 1:-ਮਹੱਤਵਪੂਰਨ ਖੇਤਰੀ ਰਾਜਨੀਤਿਕ ਦਲਾਂ ਦੇ ਨਾਂ ਲਿਖੋ।**

**ਪ੍ਰਸਨ 2:- ਸੰਸਦ ਵਿੱਚ ਵਿਰੋਧੀ ਦਲ ਦੇ ਨੇਤਾ ਸਬੰਧੀ ਸਾਡੇ ਦੇਸ਼ ਵਿੱਚ ਕਾਨੂੰਨੀ ਵਿਵਸਥਾ ਕੀ ਹੈ?**

**ਪ੍ਰਸਨ 3:- ਭਾਰਤ ਵਿੱਚ ਕਿਸ ਕਿਸਮ ਦੀ ਰਾਜਨੀਤਿਕ ਦਲ ਪ੍ਰਣਾਲੀ ਹੈ?**

## ਪਾਠ-19
## ਮੁੱਖ ਰਾਸ਼ਟਰੀ ਰਾਜਨੀਤਿਕ ਦਲ

**ਬਹੁਵਿਕਲਪੀ ਪ੍ਰਸ਼ਨ:**

ਪ੍ਰਸ਼ਨ:-ਕਾਂਗਰਸ ਪਾਰਟੀ ਦੀ ਸਥਾਪਨਾ ਕਦੋਂ ਹੋਈ ਸੀ?

(a) 1880 (b) 1885 (c) 1890 (d) 1905

ਉੱਤਰ:-(b) 1885

ਪ੍ਰਸ਼ਨ:-ਭਾਰਤੀ ਜਨਤਾ ਪਾਰਟੀ ਦੇ ਪਹਿਲੇ ਪ੍ਰਧਾਨ ਕੌਣ ਸਨ?

(a) ਸ੍ਰੀ ਅਟਲ ਬਿਹਾਰੀ ਵਾਜਪਾਈ (b) ਸ੍ਰੀ ਐਲ.ਕੇ. ਅਡਵਾਨੀ

(c) ਸ੍ਰੀ ਮੁਰਲੀ ਮਨੋਹਰ ਜੋਸ਼ੀ (d) ਸ੍ਰੀਮਤੀ ਸੁਸ਼ਮਾ ਸਵਰਾਜ

ਉੱਤਰ:- (a) ਸ੍ਰੀ ਅਟਲ ਬਿਹਾਰੀ ਵਾਜਪਾਈ

ਪ੍ਰਸ਼ਨ:-ਬਹੁਜਨ ਸਮਾਜ ਪਾਰਟੀ ਦਾ ਚੋਣ ਨਿਸ਼ਾਨ ਕੀ ਹੈ?

(a) ਘੜੀ (b) ਤੀਰ ਕਮਾਨ (c) ਹਾਥੀ (d) ਕਮਲ ਦਾ ਫੁੱਲ

ਉੱਤਰ:- (c) ਹਾਥੀ

ਪ੍ਰਸ਼ਨ:-ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਕੀ ਹੈ?

(a) ਕਮਲ ਦਾ ਫੁੱਲ (b) ਘੜੀ (c) ਹਾਥੀ (d) ਹੱਥ

ਉੱਤਰ (d) ਹੱਥ

**ਖਾਲੀ ਥਾਵਾਂ ਭਰੋ:**

1. ਬਹੁਜਨ ਸਮਾਜ ਪਾਰਟੀ ਦਾ ਚੋਣ ਨਿਸ਼ਾਨ ________ ਹੈ।

ਉੱਤਰ :- ਹਾਥੀ

2. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ________ ਵਿੱਚ ਕੀਤੀ ਗਈ ਸੀ।

ਉੱਤਰ: 1885 ਈ:

3. ਭਾਰਤ ਵਿੱਚ ਰਾਸ਼ਟਰੀ ਰਾਜਨੀਤਿਕ ਦਲਾਂ ਦੀ ਗਿਣਤੀ ________ ਹੈ।

ਉੱਤਰ: 7

4. ________ ਭਾਰਤੀ ਰਾਸ਼ਟਰੀ ਕਾਂਗਰਸ ਦੇ ਵਰਤਮਾਨ ਪ੍ਰਧਾਨ ਹਨ।

ਉੱਤਰ: ਸ੍ਰੀ ਰਾਹੁਲ ਗਾਂਧੀ

**ਸਹੀ ਮਿਲਾਨ ਕਰੋ।**

| | | |
|---|---|---|
| (1) | (ੳ) ਮਾਇਆਵਤੀ | (ੳ) ਸ੍ਰੀ ਰਾਹੁਲ ਗਾਂਧੀ |
| | (ਅ) ਭਾਰਤੀ ਰਾਸ਼ਟਰੀ ਕਾਂਗਰਸ | (ਅ) ਬਹੁਜਨ ਸਮਾਜ ਪਾਰਟੀ |
| (2) | (ੳ) ਭਾਰਤੀ ਜਨਤਾ ਪਾਰਟੀ | (ੳ) ਕਮਲ ਦਾ ਫੁੱਲ |
| | (ਅ) ਬਹੁਜਨ ਸਮਾਜ ਪਾਰਟੀ | (ਅ) ਹਾਥੀ |
| (3) | (ੳ) ਸਾਮਵਾਦੀ ਦਲ | (ੳ) 1885 |
| | (ਅ) ਭਾਰਤੀ ਰਾਸ਼ਟਰੀ ਕਾਂਗਰਸ | (ਅ)1924 |
| (4) | (ੳ) ਸ੍ਰੀ ਏ.ਓ.ਹਿਊਮ | (ੳ) ਬਹੁਜਨ ਸਮਾਜ ਪਾਰਟੀ |
| | (ਅ) ਸ੍ਰੀ ਕਾਂਸ਼ੀ ਰਾਮ | (ਅ) ਭਾਰਤੀ ਰਾਸ਼ਟਰੀ ਕਾਂਗਰਸ |

**ਸਹੀ/ਗਲਤ**

1. ਸ੍ਰੀ ਕਾਸ਼ੀ ਰਾਮ ਬਹੁਜਨ ਸਮਾਜ ਪਾਰਟੀ ਦੇ ਪਹਿਲੇ ਪ੍ਰਧਾਨ ਸਨ। (✓)
2. ਕਾਂਗਰਸ ਪਾਰਟੀ ਦਾ ਚੋਣ ਨਿਸ਼ਾਨ ਹੱਥ ਹੈ। (✓)
3. ਸ੍ਰੀ ਲਾਲ ਕ੍ਰਿਸ਼ਨ ਆਡਵਾਨੀ ਭਾਰਤੀ ਜਨਤਾ ਪਾਰਟੀ ਦੇ ਪਹਿਲੇ ਪ੍ਰਧਾਨ ਸਨ। (×)
4. ਕਾਂਗਰਸ ਪਾਰਟੀ ਦਾ ਗੁੱਟ ਨਿਰਪੇਖਤਾ ਦੀ ਨੀਤੀ ਵਿੱਚ ਵਿਸ਼ਵਾਸ਼ ਨਹੀਂ ਹੈ। (×)

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:- 1 ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਕਦੋਂ ਹੋਇਆ?

ਉੱਤਰ:- ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ 28 ਦਸੰਬਰ 1885 ਵਿੱਚ ਬੰਬਈ ਵਿਖੇ ਹੋਇਆ ਸੀ। ਇਸਦੇ ਸੰਸਥਾਪਕ ਸ੍ਰੀ ਏ.ਓ.ਹਿਊਮ ਨਾਮ ਦਾ ਇੱਕ ਅੰਗਰੇਜ ਅਧਿਕਾਰੀ ਸੀ।

ਪ੍ਰਸਨ :- ਭਾਰਤੀ ਜਨਤਾ ਪਾਰਟੀ ਦੇ ਚਾਰ ਬੁਨਿਆਦੀ ਸਿਧਾਂਤ ਕਿਹੜੇ ਹਨ?

ਉੱਤਰ (1) ਰਾਸ਼ਟਰੀ ਏਕੀਕਰਣ (2) ਸਕਾਰਾਤਮਕ ਧਰਮ ਨਿਰਪੱਖਤਾ
(3) ਗਾਂਧੀਵਾਦ ਸਮਾਜਵਾਦ (4) ਗੁੱਟ-ਨਿਰਪੱਖਤਾ

ਪ੍ਰਸਨ:- ਭਾਰਤ ਵਿੱਚ ਕਿਸਨੇ, ਕਦੋਂ ਅਤੇ ਕਿੱਥੇ ਬਹੁਜਨ ਸਮਾਜ ਪਾਰਟੀ ਦਾ ਨਿਰਮਾਨ ਕੀਤਾ ਸੀ,

ਉੱਤਰ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ 14 ਅਪਰੈਲ, 1984 ਨੂੰ ਪੰਜਾਬ ਦੇ ਰੋਪੜ ਜਿਲੇ ਵਿੱਚ ਜਨਮ ਲੈਣ ਵਾਲੇ ਸ੍ਰੀ ਕਾਸ਼ੀ ਰਾਮ ਦੁਆਰਾ ਕੀਤੀ ਗਈ।

ਪ੍ਰਸ਼ਨ :- ਰਾਜਨੀਤਿਕ ਦਲ ਦੇ ਚੋਣ ਮਨੋਰਥ ਪੱਤਰ ਤੋਂ ਕੀ ਭਾਵ ਹੈ?

ਉੱਤਰ ਚੋਣ ਮਨੋਰਥ ਪੱਤਰ ਵਿੱਚ ਪਾਰਟੀ ਦੀਆਂ ਨੀਤੀਆਂ ਅਤੇ ਕਾਰਜ ਕ੍ਰਮਾਂ ਦਾ ਵੇਰਵਾ ਹੁੰਦਾ ਹੈ। ਹਰ ਰਾਜਨੀਤਿਕ ਦਲ ਲੋਕਾਂ ਵਿੱਚ ਚੋਣ ਮਨੋਰਥ ਪੱਤਰ ਵਿੱਚ ਦਿੱਤੀਆਂ ਗਈਆਂ ਪਾਰਟੀਆਂ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਦਾ ਪ੍ਰਚਾਰ ਕਰਦਾ ਹੈ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:- ਕਾਂਗਰਸ ਦੇ ਕਾਰਜਕ੍ਰਮ ਅਤੇ ਨੀਤੀ ਦੀਆਂ ਕੋਈ ਚਾਰ ਗੱਲਾਂ ਲਿਖੋ।

ਪ੍ਰਸ਼ਨ:- ਭਾਰਤ ਵਿੱਚ ਪਾਏ ਜਾਣ ਵਾਲੇ ਕੋਈ ਚਾਰ ਰਾਸ਼ਟਰੀ ਦਲਾਂ ਦੇ ਨਾਮ ਅਤੇ ਚੋਣ ਨਿਸ਼ਾਨ ਲਿਖੋ?

ਪ੍ਰਸ਼ਨ:- ਤੁਸੀਂ ਬਹੁਜਨ ਸਮਾਜ ਪਾਰਟੀ ਬਾਰੇ ਕੀ ਜਾਣਦੇ ਹੋ?

ਪ੍ਰਸ਼ਨ:- ਭਾਰਤੀ ਦਲ ਪ੍ਰਣਾਲੀ ਦੀਆਂ ਕੋਈ ਚਾਰ ਕਮੀਆਂ ਲਿਖੋ?

## ਪਾਠ-20
## ਭਾਰਤੀ ਚੋਣ ਪ੍ਰਣਾਲੀ

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:-ਭਾਰਤ ਵਿੱਚ ਮਤ ਅਧਿਕਾਰ ਪ੍ਰਾਪਤ ਕਰਣ ਲਈ ਘੱਟੋ ਘੱਟ ਕਿੰਨੀ ਉਮਰ ਚਾਹੀਦੀ ਹੈ?

(a) 21 ਸਾਲ (b) 20 ਸਾਲ (c) 18 ਸਾਲ (d) 25 ਸਾਲ

ਉੱਤਰ:- (c) 18 ਸਾਲ

ਪ੍ਰਸ਼ਨ:- ਹੇਠ ਲਿਖੇ ਕਾਰਨਾਂ ਵਿੱਚੋਂ ਕਿਹੜਾ ਕਾਰਨ ਭਾਰਤ ਵਿੱਚ ਹੇਠਲੀ ਪੱਧਰ ਦੀ ਰਾਜਨੀਤਕ ਸਹਿਭਾਗਤਾਂ ਲਈ ਜਿੰਮੇਵਾਰ ਹੈ।

(a) ਗਰੀਬੀ (b) ਭ੍ਰਿਸ਼ਟਾਚਾਰ (c) ਆਮ ਉਦਾਸੀਨਤਾ (d) ਇਹ ਸਾਰੇ ਹੀ

ਉੱਤਰ:- (d) ਇਹ ਸਾਰੇ ਹੀ

ਪ੍ਰਸ਼ਨ:- ਭਾਰਤ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਮਤਦਾਨ ਵਿਵਹਾਰ ਨੂੰ ਪ੍ਰਭਾਵਿਤ ਕਰਦਾ ਹੈ।

(a) ਜਾਤੀਵਾਦ (b) ਧਰਮ (c) ਖੇਤਰਵਾਦ (d) ਇਹ ਸਾਰੇ ਹੀ

ਉੱਤਰ:- (d) ਇਹ ਸਾਰੇ ਹੀ

ਪ੍ਰਸ਼ਨ:- ਭਾਰਤ ਦੇ ਸੰਵਿਧਾਨ ਦੀ ਕਿਸ ਧਾਰਾ ਵਿੱਚ ਚੋਣ ਆਯੋਗ ਦੀ ਵਿਵਸਥਾ ਕੀਤੀ ਗਈ ਹੈ।

(a) ਧਾਰਾ-324 (b) ਧਾਰਾ-315 (c) ਧਾਰਾ-320 (d) ਧਾਰਾ-310

ਉੱਤਰ : (a) ਧਾਰਾ-324

**ਖਾਲੀ ਥਾਵਾਂ ਭਰੋ।**

ਪ੍ਰਸ਼ਨ:- ਗਰੀਬੀ ਅਤੇ ਅਨਪੜ੍ਹਤਾ ਕਾਰਣ ਭਾਰਤ ਵਿੱਚ ਜਨ ਸਹਿਭਾਗਤਾ ਦਾ ਪੱਧਰ _________ ਹੈ

ਉੱਤਰ:- ਨੀਵਾਂ

ਪ੍ਰਸ਼ਨ:- ਭਾਰਤ ਵਿੱਚ _________ਰਾਜਨੀਤਿਕ ਦਲਾਂ ਨੂੰ ਮਾਨਤਾ ਦੇਂਦਾ ਹੈ।

ਉੱਤਰ:- ਚੋਣ ਆਯੋਗ

ਪ੍ਰਸ਼ਨ:-ਵੋਟਾਂ ਪਾਉਣ ਤੋਂ _________ ਪਹਿਲਾਂ ਚੋਣ ਪ੍ਰਚਾਰ ਬੰਦ ਕਰ ਦਿੱਤਾ ਜਾਂਦਾ ਹੈ।

ਉੱਤਰ:-48 ਘੰਟੇ ।

ਪ੍ਰਸ਼ਨ:-ਭਾਰਤ ਵਿੱਚ ਚੋਣ ਉਜਰਦਾਰੀਆਂ _________ ਵਿੱਚ ਕੀਤੀਆਂ ਜਾਂਦੀਆਂ ਹਨ।

ਉੱਤਰ : -ਹਾਈਕੋਰਟ

**ਪ੍ਰਸਨ ਨੰ 2 ਸਹੀ ਮਿਲਾਨ ਕਰੋ।**

| | | |
|---|---|---|
| (1) | (ੳ) ਚੋਣ ਆਯੋਗ | (ੳ) ਅਨਪੜ੍ਹਤਾ |
| | (ਅ) ਜਨ ਸਹਿਭਾਗਤਾ | (ਅ) ਚੋਣ ਚਿੰਨ੍ਹ ਦੇਣਾ |
| (2) | (ੳ) ਮੱਤਦਾਨ ਵਿਵਹਾਰ | (ੳ) ਵਿੱਦਿਆ |
| | (ਅ) ਬਾਲਗ ਵੋਟ ਅਧਿਕਾਰ | (ਅ) 18 ਸਾਲ |
| (3) | (ੳ) ਸ੍ਰੀ ਉਮ ਪ੍ਰਕਾਸ਼ ਰਾਵਤ | (ੳ) ਚੋਣ ਕਮਿਸ਼ਨਰ |
| | (ਅ) ਸ੍ਰੀ ਸੁਨੀਲ ਅਰੋੜਾ | (ਅ) ਮੁੱਖ ਚੋਣ ਕਮਿਸ਼ਨਰ |
| (4) | (ੳ) ਲੋਕ ਸਭਾ | (ੳ) ਚੋਣ ਆਯੋਗ |
| | (ਅ) ਮਤਦਾਤਾ ਸੂਚੀਆਂ | (ਅ) 16 ਚੋਣਾਂ |

**ਸਹੀ/ਗਲਤ**

i. ਭਾਰਤ ਵਿੱਚ ਮਰਦਾਂ ਅਤੇ ਇਸਤਰੀ ਲਈ ਸਮਾਨ ਮੱਤ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ।(✓)

ii. ਭਾਰਤ ਵਿੱਚ ਜਨ ਸਹਿਭਾਗਤਾ ਦਾ ਪੱਧਰ ਕਾਫੀ ਉੱਚਾ ਹੈ।(×)

iii. ਅਨਪੜ੍ਹਤਾ, ਅਗਿਆਨਤਾ ਅਤੇ ਗਰੀਬੀ ਭਾਰਤ ਵਿੱਚ ਜਨਸਹਿਭਾਗਤਾ ਨੂੰ ਪ੍ਰਭਾਵਿਤ ਕਰਦੀ ਹੈ। (✓)

iv. ਭਾਰਤ ਵਿੱਚ ਚੋਣਾਂ ਬਹੁਤ ਖਰਚੀਲੀਆਂ ਹਨ। (✓)

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:- ਜਨ ਸਹਿਭਾਗਤਾ ਤੋਂ ਕੀ ਭਾਵ ਹੈ?

ਉੱਤਰ:-ਆਮ ਬੋਲਚਾਲ ਵਿੱਚ ਰਾਜਨੀਤਕ ਕਾਰਜਾਂ ਵਿੱਚ ਭਾਗ ਲੈਣ ਦੀ ਪ੍ਰਕਿਰਿਆ ਨੂੰ ਜਨ ਸਹਿਭਾਗਤਾ ਦਾ ਨਾਮ ਦਿੱਤਾ ਜਾਂਦਾ ਹੈ। ਇਸ ਵਿੱਚ ਵੋਟ ਪਾਉਣਾ, ਚੋਣ ਪ੍ਰਚਾਰ ਵਿੱਚ ਹਿੱਸਾ ਲੈਣਾ, ਰਾਜਨੀਤਿਕ ਜਲਸੇ-ਜਲੂਸਾਂ ਵਿੱਚ ਸ਼ਾਮਲ ਹੋਣਾ, ਸਰਕਾਰ ਦੀ ਆਲੋਚਨਾ ਕਰਨਾ ਆਦਿ ਕਾਰਜਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਪ੍ਰਸ਼ਨ :- ਚੋਣ ਮੁਹਿੰਮ ਤੋਂ ਕੀ ਭਾਵ ਹੈ?

ਉੱਤਰ:- ਨਾਮਜਦਗੀ ਪੱਤਰ ਵਾਪਸ ਲੈਣ ਦੀ ਮਿਤੀ ਤੋਂ ਲੈ ਕੇ ਚੋਣਾਂ ਵਾਲੇ ਦਿਨ ਦੀ ਮਿਤੀ ਤੋਂ 36 ਘੰਟੇ ਪਹਿਲਾਂ ਤੱਕ ਰਾਜਨੀਤਿਕ ਦਲਾਂ, ਚੋਣਾਂ ਲੜ ਰਹੇ ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕਾਂ ਦੁਆਰਾ ਚਲਾਈ ਗਈ ਮੁਹਿੰਮ ਨੂੰ ਚੋਣ ਮੁਹਿੰਮ ਕਹਿੰਦੇ ਹਨ।

ਪ੍ਰਸ਼ਨ:- ਚੋਣ ਅਪੀਲ ਦਾ ਕੀ ਅਰਥ ਹੈ?

ਉੱਤਰ:- ਚੋਣਾਂ ਦਾ ਨਤੀਜਾ ਨਿਕਲਣ ਤੋਂ ਪਿੱਛੋਂ, ਜੇਕਰ ਹਾਰੇ ਹੋਏ ਉਮੀਦਵਾਰ ਮਹਿਸੂਸ ਕਰਦੇ ਹਨ ਕਿ ਚੋਣ ਦੌਰਾਨ ਜੇਤੂ ਉਮੀਦਵਾਰ ਵੱਲੋਂ ਗਲਤ ਵਿਧੀਆਂ ਅਪਣਾਈਆਂ ਗਈਆਂ ਸਨ ਅਤੇ ਚੋਣ ਨਿਯਮਾਂ ਦੀ ਉਲੰਘਣਾ ਕੀਤੀ ਗਈ ਸੀ ਤਾਂ ਉਹ ਹਾਈਕੋਰਟ ਵਿੱਚ ਚੁਣੇ ਗਏ ਉਮੀਦਵਾਰ ਵਿਰੁੱਧ ਅਪੀਲ ਦਾਇਰ ਕਰ ਸਕਦੇ ਹਨ। ਜਿਸ ਨੂੰ ਚੋਣ ਅਪੀਲ ਕਿਹਾ ਜਾਂਦਾ ਹੈ।

ਪ੍ਰਸ਼ਨ:- ਚੋਣ ਆਯੋਗ ਦੇ ਕੋਈ ਤਿੰਨ ਕਾਰਜ ਲਿਖੋ?

ਉੱਤਰ:- (i) ਚੋਣਾਂ ਦਾ ਪ੍ਰਬੰਧ, ਨਿਰਦੇਸ਼ਨ ਅਤੇ ਨਿਰੀਖਣ ਕਰਨਾ।

(ii) ਮਤਦਾਨ ਸੂਚੀਆਂ ਤਿਆਰ ਕਰਨਾ।

(iii) ਸੰਸਦ, ਰਾਜ ਵਿਧਾਨ ਸਭਾਵਾਂ, ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੀਆਂ ਚੋਣਾਂ ਕਰਵਾਉਣੀਆਂ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ :- ਭਾਰਤੀ ਚੋਣ ਪ੍ਰਣਾਲੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ?

ਪ੍ਰਸ਼ਨ :- ਭਾਰਤ ਵਿੱਚ ਹੇਠਲੀ ਪੱਧਰ ਦੀ ਜਨ ਸਹਿਭਾਗਤਾ ਲਈ ਜ਼ਿੰਮੇਵਾਰ ਚਾਰ ਕਾਰਣ ਲਿਖੋ।

ਪ੍ਰਸ਼ਨ :- ਭਾਰਤ ਵਿੱਚ ਮਤਦਾਨ ਨੂੰ ਪ੍ਰਭਾਵਿਤ ਕਰਣ ਵਾਲੇ ਕੋਈ ਚਾਰ ਤੱਤ ਲਿਖੋ।

ਪ੍ਰਸ਼ਨ :- ਭਾਰਤ ਵਿੱਚ ਧਰਮ ਦਾ ਮਤਦਾਨ ਵਿਵਹਾਰ ਤੇ ਕੀ ਪ੍ਰਭਾਵ ਹੈ?

## ਪਾਠ-21
## ਰਾਸ਼ਟਰੀ ਏਕੀਕਰਨ (National Integration)

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:-: ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਰੁਕਾਵਟ ਹੈ-

(a) ਖੇਤਰਵਾਦ (b) ਸੰਪ੍ਰਦਾਇਕਤਾ (c) ਜਾਤੀਵਾਦ (d) ਉਪਰੋਕਤ ਸਾਰੇ

ਉੱਤਰ:- (D) ਉਪਰੋਕਤ ਸਾਰੇ

ਪ੍ਰਸ਼ਨ:-ਰਾਸ਼ਟਰੀ ਏਕੀਕਰਨ ਲਈ ਹੋਣਾ ਜ਼ਰੂਰੀ ਹੈ-

(a) ਸਿੱਖਿਆ ਪ੍ਰਣਾਲੀ ਵਿੱਚ ਸੁਧਾਰ (b) ਗਰੀਬੀ ਅਤੇ ਬੇਰੁਜਗਾਰੀ ਨੂੰ ਦੂਰ ਕਰਨਾ

(c) ਫਿਰਕੂ ਰਾਜਨੀਤਿਕ ਦਲਾਂ ਉਪਰ ਪਾਬੰਦੀ (d) ਉਪਰੋਕਤ ਸਾਰੇ

ਉੱਤਰ:- (d) ਉਪਰੋਕਤ ਸਾਰੇ

ਪ੍ਰਸ਼ਨ:- ਰਾਸ਼ਟਰੀ ਏਕੀਕਰਨ ਪਰਿਸ਼ਦ ਦਾ ਅਧਿਅਕਸ਼ ਹੁੰਦਾ ਹੈ-

(a) ਰਾਸ਼ਟਰਪਤੀ (b) ਉਪ-ਰਾਸ਼ਟਰਪਤੀ

(c) ਪ੍ਰਧਾਨ ਮੰਤਰੀ (d) ਲੋਕ ਸਭਾ ਦਾ ਸਪੀਕਰ

ਉੱਤਰ:- (C) ਪ੍ਰਧਾਨ ਮੰਤਰੀ

ਪ੍ਰਸ਼ਨ:- ਹੇਠ ਲਿਖਿਆਂ ਵਿਚੋਂ ਇੱਕ ਰਾਸ਼ਟਰੀ ਏਕੀਕਰਨ ਦਾ ਪੱਖ ਮੰਨਿਆ ਜਾਂਦਾ ਹੈ-

(a) ਰਾਜਨੀਤਕ ਪੱਖ (b) ਸਮਾਜਿਕ ਪੱਖ

(c) ਮਨੋਵਿਗਿਆਨਕ ਪੱਖ (d) ਉਪਰੋਕਤ ਸਾਰੇ

ਉੱਤਰ:- (d) ਉਪਰੋਕਤ ਸਾਰੇ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:- ਰਾਸ਼ਟਰੀ ਏਕੀਕਰਨ ਇੱਕ ---------- ਭਾਵਨਾ ਹੈ।

ਉੱਤਰ:- ਮਨੋਵਿਗਿਆਨਕ

ਪ੍ਰਸ਼ਨ:- ਭਾਰਤ ਵਿੱਚ ਰਾਸ਼ਟਰੀ ਏਕੀਕਰਨ ਲਈ --------------- ਵਾਲਾ ਸਿਧਾਂਤ ਲਾਗੂ ਕੀਤਾ ਗਿਆ ਹੈ।

ਉੱਤਰ:- ਭਿੰਨਤਾਵਾਂ ਵਿੱਚ ਏਕਤਾ

ਪ੍ਰਸ਼ਨ:- ਨਵੇਂ ਪੰਜਾਬ ਦਾ ਨਿਰਮਾਣ ------------------ ਨੂੰ ਭਾਸ਼ਾ ਦੇ ਆਧਾਰ ਤੇ ਕੀਤਾ ਗਿਆ।

ਉੱਤਰ:-1 ਨਵੰਬਰ 1966

ਪ੍ਰਸ਼ਨ:- ਉਹਨਾਂ ਦੇਸ਼ਾਂ ਵਿੱਚ ਰਾਸ਼ਟਰੀ ਏਕੀਕਰਨ ਦੀ ਲੋੜ ਘੱਟ ਹੀ ਹੁੰਦੀ ਹੈ, ਜਿੱਥੇ--------------- ਨਾਲ ਸਬੰਧਿਤ ਲੋਕ ਵੱਸਦੇ ਹਨ।

ਉੱਤਰ:- ਇੱਕ ਹੀ ਧਰਮ

**ਸਹੀ ਮਿਲਾਨ ਕਰੋ**

| | |
|---|---|
| (1) (ੳ) ਸੰਵਿਧਾਨ ਵਿੱਚ ਅੰਕਿਤ ਭਾਸ਼ਾਵਾਂ | (ੳ) ਦੇਵਨਾਗਰੀ ਲਿਪੀ |
| (ਅ) ਹਿੰਦੀ ਭਾਸ਼ਾ | (ਅ) 22 |
| (2) (ੳ) ਭਾਰਤ ਵਿੱਚ ਰਾਜ | (ੳ) 7 |
| (ਅ) ਭਾਰਤ ਵਿੱਚ ਸੰਘੀ ਖੇਤਰ | (ਅ) 29 |
| (3) (ੳ) ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਰੁਕਾਵਟ | (ੳ) ਜਾਤੀਵਾਦ |
| (ਅ) ਰਾਸ਼ਟਰੀ ਏਕੀਕਰਨ ਦਾ ਪੱਖ | (ਅ) ਰਾਜਨੀਤਕ ਪੱਖ |
| (4) (ੳ) ਇਨਸਾਨੀ ਬਿਰਾਦਰੀ | (ੳ) 1961 |

(ਅ) ਰਾਸ਼ਟਰੀ ਏਕੀਕਰਨ ਪਰਿਸ਼ਦ (ਅ) 1980

**ਪ੍ਰਸ਼ਨ ਨੰ 4 ਸਹੀ/ਗਲਤ**

1. ਰਾਸ਼ਟਰੀ ਏਕੀਕਰਨ ਕੋਈ ਭਵਨ ਨਹੀਂ ਹੈ ਜਿਸ ਦੀ ਉਸਾਰੀ ਸੀਮਿੰਟ-ਇੱਟਾਂ ਨਾਲ ਕਰ ਸਕਦੇ ਹਾਂ। (✓)
2. ਗਰੀਬੀ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਰੁਕਾਵਟ ਨਹੀਂ ਹੁੰਦੀ। (×)
3. ਭ੍ਰਿਸ਼ਟਾਚਾਰ ਨੇ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਰੁਕਾਵਟ ਪਹੁੰਚਾਈ ਹੈ। (✓)
4. 1961 ਵਿੱਚ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਰਾਸ਼ਟਰੀ ਏਕੀਕਰਨ ਸੰਮੇਲਨ ਕਰਵਾਇਆ ਸੀ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ :- ਰਾਸ਼ਟਰੀ ਏਕੀਕਰਨ ਦਾ ਕੀ ਅਰਥ ਹੈ?

ਉੱਤਰ:- ਰਾਸ਼ਟਰੀ ਏਕੀਕਰਨ ਰਾਸ਼ਟਰ ਦੀ ਇੱਕ ਮਹੱਤਵਪੂਰਨ ਜ਼ਰੂਰਤ ਹੈ। ਜਿਸ ਦੇ ਬਿਨਾਂ ਰਾਸ਼ਟਰੀ ਏਕਤਾ ਖਤਰੇ ਵਿੱਚ ਪੈ ਸਕਦੀ ਹੈ। ਰਾਸ਼ਟਰੀ ਏਕੀਕਰਨ ਦਾ ਸਾਧਾਰਨ ਅਰਥ ਇਹ ਹੈ ਕਿ ਇੱਕ ਦੇਸ਼ ਵਿੱਚ ਰਹਿਣ ਵਾਲੇ ਵੱਖ-ਵੱਖ ਧਰਮਾਂ, ਜਾਤੀਆਂ ਅਤੇ ਭਾਸ਼ਾਵਾਂ ਦੇ ਲੋਕਾਂ ਵਿੱਚ ਇੱਕ ਹੀ ਰਾਸ਼ਟਰ ਨਾਲ ਸਬੰਧਿਤ ਹੋਣ ਦੀ ਭਾਵਨਾ ਹੋਵੇ ਅਤੇ ਉਹ ਆਪਣੇ ਆਪ ਨੂੰ ਇੱਕ ਅਨੁਭਵ ਕਰਦੇ ਹੋਣ।

ਪ੍ਰਸ਼ਨ :- ਰਾਸ਼ਟਰੀ ਏਕੀਕਰਨ ਪਰਿਸ਼ਦ ਕੀ ਹੈ?

ਉੱਤਰ:-ਅਕਤੂਬਰ 1961 ਵਿੱਚ ਨਵੀਂ ਦਿੱਲੀ ਵਿਖੇ ਹੋਏ ਰਾਸ਼ਟਰੀ ਏਕੀਕਰਨ ਸਮਾਗਮ ਵਿੱਚ ਰਾਸਟਰੀ ਏਕੀਕਰਨ ਪਰਿਸ਼ਦ ਦਾ ਗਠਨ ਕੀਤਾ ਗਿਆ ਸੀ। ਇਸ ਸੰਮੇਲਨ ਵਿੱਚ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸਾਰੇ ਮਾਨਤਾ ਪ੍ਰਾਪਤ ਰਾਜਨੀਤਿਕ ਦਲਾਂ ਦੇ ਨੇਤਾਵਾਂ, ਪ੍ਰਸਿੱਧ ਸਿੱਖਿਆ ਸ਼ਾਸਤਰੀ, ਲੇਖਕਾਂ ਅਤੇ ਵਿਗਿਆਨੀਆਂ ਨੇ ਹਿੱਸਾ ਲਿਆ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਲੋੜ ਅਨੁਸਾਰ ਇਸਦੀਆਂ ਬੈਠਕਾਂ ਹੁੰਦੀਆਂ ਹਨ ਜਿਹਨਾਂ ਵਿੱਚ ਰਾਸ਼ਟਰ ਦੇ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਉਹਨਾਂ ਦੇ ਹੱਲ ਲਈ ਤਰੀਕੇ ਲੱਭੇ ਜਾਂਦੇ ਹਨ।

ਪ੍ਰਸ਼ਨ:- ਰਾਸ਼ਟਰੀ ਏਕੀਕਰਨ ਦੇ ਵਿਕਾਸ ਬਾਰੇ ਚਾਰ ਸੁਝਾਅ ਲਿਖੋ?

ਉੱਤਰ:- ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੀ ਸਮੱਸਿਆ ਨੂੰ ਸੁਲਝਾਉਣ ਲਈ ਹੇਠਾਂ ਲਿਖੇ ਸੁਝਾਵਾਂ ਤੇ ਅਮਲ ਕਰਨਾ ਜ਼ਰੂਰੀ ਹੈ।

(i) ਗਰੀਬੀ ਤੇ ਬੇਰੁਜਗਾਰੀ ਨੂੰ ਦੂਰ ਕਰਨਾ।
(ii) ਸੰਤੁਲਿਤ ਖੇਤਰੀ ਵਿਕਾਸ ਨੂੰ ਯਕੀਨੀ ਬਣਾਉਣਾ।
(iii) ਫਿਰਕੂ ਰਾਜਨੀਤਿਕ ਦਲਾਂ ਤੇ ਪਾਬੰਦੀ ਲਗਾਉਣਾ।
(iv) ਭਾਸ਼ਾਈ ਸਮੱਸਿਆਵਾਂ ਦਾ ਯੋਗ ਹੱਲ ਲੱਭਣਾ।

ਪ੍ਰਸ਼ਨ:- ਰਾਸ਼ਟਰੀ ਏਕੀਕਰਨ ਵਿੱਚ ਵਿੱਦਿਆ ਦੀ ਭੂਮਿਕਾ ਬਾਰੇ ਦੱਸੋ?

ਉੱਤਰ:- ਰਾਸ਼ਟਰੀ ਏਕੀਕਰਨ ਲਿਆਉਣ ਲਈ ਸਿੱਖਿਆ ਮਹੱਤਵਪੂਰਨ ਸਾਧਨ ਹੈ। ਸਿੱਖਿਆ ਦੁਆਰਾ ਵਿੱਚ ਵਿਅਕਤੀ ਵਿੱਚ ਰਾਜਨੀਤਿਕ ਚੇਤਨਾ ਪੈਦਾ ਹੁੰਦੀ ਹੈ। ਜਿਸ ਨਾਲ ਜਾਤੀਵਾਦ, ਖੇਤਰਵਾਦ ਅਤੇ ਭਾਸ਼ਾਵਾਦ ਆਦਿ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕੇ। ਸਿੱਖਿਆ ਨਾਲ ਵਿਦਿਆਰਥੀਆਂ ਵਿੱਚ ਧਰਮ-ਨਿਰਪੱਖ ਦ੍ਰਿਸ਼ਟੀਕੋਣ ਵਿਕਸਿਤ ਕੀਤਾ ਜਾ ਸਕਦਾ ਹੈ। ਉਹਨਾਂ ਵਿੱਚ ਇਹ ਭਾਵਨਾ ਵੀ ਵਿਕਸਿਤ ਕੀਤੀ ਜਾ ਸਕਦੀ ਹੈ ਕਿ ਉਹ ਪਹਿਲਾਂ ਭਾਰਤੀ ਹਨ ਅਤੇ ਬਾਦ ਵਿੱਚ ਪੰਜਾਬੀ, ਬੰਗਾਲੀ, ਮਰਾਠੀ ਆਦਿ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੀ ਵਿਸ਼ੇਸ਼ ਲੋੜ ਕਿਉਂ ਹੈ?

ਪ੍ਰਸ਼ਨ:- ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੇ ਭਿੰਨ-ਭਿੰਨ ਪੱਖ ਕਿਹੜੇ ਹਨ?

ਪ੍ਰਸ਼ਨ:- ਗਰੀਬੀ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਕਿਵੇਂ ਰੁਕਾਵਟ ਹੈ?

ਪ੍ਰਸ਼ਨ:- ਇਨਸਾਨੀ ਬਿਰਾਦਰੀ ਬਾਰੇ ਤੁਸੀਂ ਕੀ ਜਾਣਦੇ ਹੋ?

## ਪਾਠ-22
## ਭਾਰਤ ਦੀ ਵਿਦੇਸ਼ ਨੀਤੀ
## (Foreign Polivy of India)

**ਬਹੁਵਿਕਲਪੀ ਪ੍ਰਸ਼ਨ:-**

ਪ੍ਰਸ਼ਨ:- ਭਾਰਤ ਦੀ ਵਿਦੇਸ਼ ਨੀਤੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ:-
(ੳ) ਅਰਮੀਕੀ ਗੁੱਟ ਦਾ ਸਮਰੱਥਨ (ਅ) ਰੂਸੀ ਗੁੱਟ ਦਾ ਸਮਰੱਥਨ
(ੲ) ਬਸਤੀਵਾਦ ਅਤੇ ਨਸਲਵਾਦ ਦੀ ਵਿਰੋਧਤਾ (ਸ) ਸਮੂਹਿਕ ਸੈਨਿਕ ਸਮਝੋਤਿਆਂ ਦਾ ਸਮਰੱਥਨ
ਉੱਤਰ:- (ੲ) ਬਸਤੀਵਾਦ ਅਤੇ ਨਸਲਵਾਦ ਦੀ ਵਿਰੋਧਤਾ
ਪ੍ਰਸ਼ਨ:- ਪੰਚਸ਼ੀਲ ਨੂੰ ਸਭ ਤੋ. ਪਹਿਲਾ ਕਿਹੜੇ ਦੇਸ਼ਾ ਦੇ ਸਵੀਕਾਰਿਆ ਸੀ।
(ੳ) ਭਾਰਤ ਅਤੇ ਸੋਵੀਅਤ (ਅ) ਪਾਰਤ ਅਤੇ ਪਾਕਿਸਤਾਨ
(ੲ) ਭਾਰਤ ਅਤੇ ਅਮਰੀਕਾ (ਸ) ਭਾਰਤ ਅਤੇ ਚੀਨ
ਉੱਤਰ:-(ਸ) ਭਾਰਤ ਅਤੇ ਚੀਨ
ਪ੍ਰਸ਼ਨ:- ਭਾਰਤ ਨੂੰ ਗੁੱਟ ਨਿਰਪੇਖ ਬਣਾਉਣ ਵਿੱਚ ਸਭ ਤੋ. ਜ਼ਿਆਦਾ ਮਹੱਤਵਪੂਰਨ ਭੂਮਿਕਾ ਹੈ:-
(ੳ) ਸ੍ਰੀਮਤੀ ਇੰਦਰਾ ਗਾਂਧੀ (ਅ) ਸ੍ਰੀ ਮੁਰਾਰਜੀ ਡਿਸਾਈ ਦੀ
(ੲ) ਸ੍ਰੀ ਜਵਾਹਰ ਲਾਲ ਨਹਿਰੂ ਦੀ (ਸ) ਸ੍ਰੀ ਲਾਲ ਬਹਾਦਰਸ਼ਾਸ਼ਤਰੀ ਦੀ।
ਉੱਤਰ:- (ੲ) ਸ੍ਰੀ ਜਵਾਹਰ ਲਾਲ ਨਹਿਰੂ ਦੀ
ਪ੍ਰਸ਼ਨ:- ਭਾਰਤ ਕਠੋਰ ਵਿਰੋਧੀ ਹੈ:-
(ੳ) ਸੰਯੁਕਤਰਾਸ਼ਟਰ ਦਾ (ਅ)ਵਿਸ਼ਵ ਸ਼ਾਂਤੀ ਦਾ
(ੲ) ਨਸਲਵਾਦ ਅਤੇ ਰੰਗ-ਭੇਦ ਦੀ ਨੀਤੀ ਦਾ (ਸ) ਰਾਸ਼ਟਰ ਮੰਡਲ ਦਾ
ਉੱਤਰ:-(ੲ) ਨਸਲਵਾਦ ਅਤੇ ਰੰਗ-ਭੇਦ ਦੀ ਨੀਤੀ ਦਾ।

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:- ਭਾਰਤੀ ਵਿਦੇਸ਼ ਨੀਤੀ ਦੇ ਨਿਰਮਾਤਾ --------------- ਹਨ।
ਉੱਤਰ: ਜਵਾਹਰ ਲਾਲ ਨਹਿਰੂ
ਪ੍ਰਸ਼ਨ:- ਭਾਰਤੀ ਵਿਦੇਸ਼ ਨੀਤੀ ਦੀ ਮਹੱਤਵਪੂਰਨ ਵਿਸ਼ੇਸ਼ਤਾ-------------------- ਹੈ।
ਉੱਤਰ: ਗੁੱਟ-ਨਿਰਖੇਪਤਾ
ਪ੍ਰਸ਼ਨ:- ਭਾਰਤ ਨੇ ਹਮੇਸ਼ਾ ਹੀ ਰੰਗ ਭੇਦ ਅਤੇ ਸਮਰਾਜਵਾਦ ਦਾ -------------- ਕੀਤਾ ਹੈ।
ਉੱਤਰ: ਵਿਰੋਧ
ਪ੍ਰਸ਼ਨ:- ਭਾਰਤ ਅਤੇ ਚੀਨ ਦੇ ਵਿੱਚ ----------------ਦਾ ਨਿਰਮਾਣ ਕੀਤਾ ਗਿਆ ਹੈ।
ਉੱਤਰ: ਪੰਚਸ਼ੀਲ ਸਿਧਾਂਤਾ

**ਸਹੀ ਮਿਲਾਨ ਕਰੋ:-**

(1) 1. ਪੰਚਸ਼ੀਲ ਸਮਝੋਤਾ → 29 ਅਪ੍ਰੈਲ 1954
2. ਸਾਰਕ (SAARC) → 7 ਦਸੰਬਰ 1985
(2) 1. ਵਿਦੇਸ਼ ਨੀਤੀ ਨਾਲ ਸੰਬੰਧਿਤ ਵਿਵਸਥਾਵਾਂ → (ੳ) ਅਨੁਛੇਦ 51
2. ਸੋਵੀਅਤ ਸੰਘ ਦੀ ਵੰਡ → (ਅ) ਦਸੰਬਰ 1991
(3) 1. ਪੰਡਿਤ ਜਵਾਹਰ ਲਾਲ ਨਹਿਰੂ → (ਅ) ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ
2. ਚਾਊਮਲਿ ਲਾਈ → (ੳ) ਚੀਨ ਦੇ ਪ੍ਰਧਾਨ ਮੰਤਰੀ
(4) 1. ਭਾਰਤ ਨੂੰ ਸੁਤੰਤਰਤਾ ਪ੍ਰਾਪਤ ਹੋਈ → (ਅ)15 ਅਗਸਤ 1947
2. ਭਾਰਤ ਦਾ ਪਹਿਲਾ ਪ੍ਰਮਾਣੂਪ੍ਰੀਖਣ → (ੳ) 1974

**ਸਹੀ/ਗਲਤ**

1. ਵਿਦੇਸ਼ੀ ਨੀਤੀ ਮੁੱਖ ਰੂਪ ਵਿੱਚ ਵਿਦੇਸ਼ੀ ਸ਼ਕਤੀਆਂ ਸਬੰਧੀ ਇੱਕ ਸ਼ਾਸਨ ਕਲਾ ਹੈ।(✓)
2. ਭਾਰਤ ਇੱਕ ਸਾਮਰਾਜਵਾਦੀ ਦੇਸ਼ ਹੈ।(×)
3. ਆਰਥਿਕ ਤੱਤ ਭਾਰਤੀ ਵਿਦੇਸ਼ ਨੀਤੀ ਨੂੰ ਪ੍ਰਭਾਵਿਤ ਕਰਦੇ ਹਨ।(✓)
4. ਭਾਰਤ ਰੂਸੀ ਗੱਟ ਦਾ ਇੱਕ ਉੱਘਾ ਮੈਂਬਰ ਹੈ।(×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਵਿਦੇਸ਼ੀ ਨੀਤੀ ਤੋਂ ਕੀ ਭਾਵ ਹੈ?
ਉੱਤਰ:- ਵਿਦੇਸ਼ੀ ਨੀਤੀ ਉਹਨਾਂ ਸਿਧਾਂਤਾਂ ਅਤੇ ਸਾਧਨਾਂ ਦਾ ਇੱਕ ਸਮੂਹ ਹੈ ,ਜੋ ਸਿਧਾਂਤ ਅਤੇ ਸਾਧਨ ਇੱਕ ਦੂਜੇ ਦੇ ਦੇਸ਼ ਨਾਲ ਵਿਹਾਰ ਨੂੰ ਨਿਰਧਾਰਿਤ ਕਰਦੇ ਹਨ।
ਪ੍ਰਸ਼ਨ:- ਗੁੱਟ ਨਿਰਪੇਖ ਤੋਂ ਤੁਸੀ ਕੀ ਸਮਝਦੇ ਹੋ?
ਉੱਤਰ:- ਗੁਟ-ਨਿਰਪੇਖਤਾ ਤੋਂ ਭਾਵ ਸ਼ਕਤੀ ਗੁੱਟ ਤੋਂ ਅਲੱਗ ਰਹਿ ਕੇ ਅੰਦਰ ਰਾਸ਼ਟਰੀ ਮਾਮਲਿਆ ਬਾਰੇ ਆਪਣੀ ਸੁਤੰਤਰ ਇੱਛਾ ਅਨੁਸਾਰ ਨਿਰਣੇ ਲੈਣਾ ਅਤੇ ਉਹਨਾਂ ਨਿਰਣਿਆ ਦੇ ਅਧਾਰ ਤੇ ਕਾਰਜ ਕਰਨਾ ਹੈ।
ਪ੍ਰਸ਼ਨ:- ਪੰਚਸ਼ੀਲ ਤੋਂ ਤੁਸੀ. ਕੀ ਸਮਝਦੇ ਹੋ?
ਉੱਤਰ:- ਪੰਚਸ਼ੀਲ ਉਨ੍ਹਾਂ ਪੰਜ ਸਿਧਾਂਤਾਂ ਦਾ ਸਮੂਹ ਹੈ ਜਿਨ੍ਹਾਂ ਦਾ ਵਰਣਨ 1954 ਵਿੱਚ ਭਾਰਤ ਅਤੇ ਚੀਨ ਦੇ ਵਿੱਚ ਹੋਏ ਇੱਕ ਸਮਝੋਤੇ ਦੀ ਪ੍ਰਸਤਾਵਨਾ ਵਿੱਚ ਕੀਤਾ ਗਿਆ ਸੀ।
ਪ੍ਰਸ਼ਨ:- ਰਾਸ਼ਟਰ ਮੰਡਲ ਕਿਸ ਨੂੰ ਆਖਦੇ ਹਨ?
ਉੱਤਰ:- ਰਾਸ਼ਟਰ ਮੰਡਲ ਅਫਰੀਕਾ ਅਤੇ ਏਸ਼ੀਆਂ ਤੇ 54 ਦੇਸ਼ਾਂ ਦਾ ਇੱਕ ਸੰਗਠਨ ਹੈ ਜੋ ਕਿ ਪਹਿਲਾ ਬ੍ਰਿਟਿਸ਼ ਸਮਾਰਾਜਵਾਦ ਦੇ ਅਧੀਨ ਰਹਿ ਚੁੱਕੇ ਹਨ ਇਸ ਦੀ ਮੈਂਬਰੀ ਇੱਛੁਕ ਹੈ। ਇਸ ਦੇ ਸੰਮੇਲਨ ਦੀ ਪ੍ਰਧਾਨਗੀ ਬ੍ਰਿਟਿਸ਼ ਦੀ ਮਹਾਰਾਣੀ ਕਰਦੀ ਹੈ।

**ਭਾਗ-C (ਚਾਰ ਅੰਕਾ ਵਾਲੇ ਪ੍ਰਸ਼ਨ)**

ਪ੍ਰਸ਼ਨ:-ਭਾਰਤ ਦੀ ਵਿਦੇਸ਼ ਨੀਤੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ?
ਪ੍ਰਸ਼ਨ:- ਪੰਚਸ਼ੀਲ ਦੇ ਪੰਜ ਸਿਧਾਂਤ ਲਿਖੋ?
ਪ੍ਰਸ਼ਨ ਭਾਰਤੀ ਵਿਦੇਸ਼ ਨੀਤੀ ਦੇ ਮਹੱਤਵਪੂਰਨ ਨਿਰਧਾਰਿਤ ਤੱਤ ਲਿਖੋ?
ਪ੍ਰਸ਼ਨ:- ਨਿਸ਼ਸ਼ਤਰੀਕਰਨ ਸਬੰਧੀ ਭਾਰਤ ਦਾ ਦ੍ਰਿਸ਼ਟੀਕੋਣ ਕੀ ਹੈ?

## ਪਾਠ -23
## ਭਾਰਤ ਅਤੇ ਸੰਯੁਕਤ ਰਾਸ਼ਟਰ

**ਬਹੁਵਿਕਲਪੀ ਪ੍ਰਸ਼ਨ:-**

1.ਸੰਯੁਕਤ ਰਾਸ਼ਟਰ ਦੇ ਚਾਰਟਰ ਤੇ ਦਸਤਖਤ ਕਰਨ ਵਾਲੇ ਮੌਲਿਕ ਮੈਂਬਰ ਕਿੰਨੇ ਹਨ:-
(ੳ) 45 (ਅ) 47 (ੲ) 50 (ਸ) 51
ਉੱਤਰ:- (ਸ) 51
2. ਸੰਯੁਕਤ ਰਾਸ਼ਟਰ ਕਦੋਂ ਹੋਂਦ ਵਿੱਚ ਆਇਆ ਸੀ?
(ੳ) 26 ਜੂਨ 1945 ਨੂੰ (ਅ) 24 ਅਕਤੂਬਰ 1945 ਨੂੰ
(ੲ) 15 ਅਗਸਤ 1947 ਨੂੰ (ਸ) 26 ਜਨਵਰੀ 1950 ਨੂੰ
ਉੱਤਰ:- (ਅ) 24 ਅਕਤੂਬਰ 1945 ਨੂੰ
3.ਸੰਯੁਕਤ ਰਾਸ਼ਟਰ ਸੰਘ ਦਾ ਮੁੱਖ ਦਫ਼ਤਰ ਸਥਿਤ ਹੈ:-
(ੳ) ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ (ਅ) ਲੰਦਨ ਵਿੱਚ (ੲ) ਨਵੀਂ ਦਿੱਲੀ ਵਿੱਚ (ਸ) ਪੈਰਿਸ ਵਿੱਚ
ਉੱਤਰ:- (ੳ) ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ।

**ਸਹੀ ਮਿਲਾਨ ਕਰੋ:-**

(1) 1. ਸੰਯੁਕਤ ਰਾਸ਼ਟਰ ਦੇ ਮੌਲਿਕ ਮੈਂਬਰ ਦੇਸ਼ → (ੳ) 193
2. ਸੰਯੁਕਤ ਰਾਸ਼ਟਰ ਦੇ ਵਰਤਮਾਨ ਸਮੇਂ ਮੈਂਬਰ ਦੇਸ਼ → (ਅ) 51

(2) 1. ਸੁਰੱਖਿਆ ਪਰਿਸ਼ਦ ਦੇ ਸਥਾਈ ਮੈਂਬਰ → (ੳ) 10
2. ਸੁਰੱਖਿਆ ਪਰਿਸ਼ਦ ਦੇ ਅਸਥਾਈ ਮੈਂਬਰ → (ਅ) 5

(3) 1. ਸੰਯੁਕਤ ਰਾਸ਼ਟਰ ਦਾ ਅੰਗ → (ੳ) ਮਹਾਂ ਸਭਾ
2. ਸੰਯੁਕਤ ਰਾਸ਼ਟਰ ਦੀ ਏਜੰਸੀ → (ਅ)ਅੰਤਰ ਰਾਸ਼ਟਰੀ ਮਜ਼ਦੂਰ ਸੰਗਠਨ

(4) 1. ਮਨੁੱਖ ਅਧਿਕਾਰ ਦਿਵਸ → (ੳ) 21 ਜੂਨ
2. ਅੰਤਰਰਾਸ਼ਟਰੀ ਯੋਗਾ ਦਿਵਸ → (ਅ) 10ਦਸੰਬਰ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:- ਭਾਰਤ ਦੀ ਵਿਦੇਸ਼ ਨੀਤੀ ਦੀਆਂ ਵਿਸ਼ੇਸ਼ਤਾਵਾਂ ਅਤੇ ਸੰਯੁਕਤ ਰਾਸ਼ਟਰ ਦੇ --------ਲਗਪਗ ਇਕੋਂ ਜਿਹੇ ਹਨ।
ਉੱਤਰ:- ਮੁੱਖ ਉਦੇਸ਼
ਪ੍ਰਸ਼ਨ:-ਸੁਰੱਖਿਆ ਪਰਿਸ਼ਦ ਦੇ ਕੁੱਲ --------ਦੇਸ਼ ਮੈਂਬਰ ਹਨ।
ਉੱਤਰ:-15
ਪ੍ਰਸ਼ਨ:-ਮੌਲਿਕ ਮੈਂਬਰਾਂ ਵਿੱਚੋਂ --------ਵੀ ਇੱਕ ਮੌਲਿਕ ਮੈਂਬਰ ਸੀ।
ਉੱਤਰ:- ਭਾਰਤ
ਪ੍ਰਸ਼ਨ:- ਸੰਯੁਕਤ ਰਾਸ਼ਟਰ ਸੰਤ ਦਾ ਸਭ ਤੋ. ਵੱਧ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਅੰਗ --------ਹੈ।
ਉੱਤਰ:-ਸੁਰੱਖਿਆ ਪਰਿਸ਼ਦ

**ਸਹੀ/ਗਲਤ**

1. ਸੰਯੁਕਤ ਰਾਸ਼ਟਰ ਨੇ 10 ਦਸੰਬਰ 1948 ਨੂੰ ਸਰਬਵਿਆਪਕ ਮਨੁੱਖੀ ਅਧਿਕਾਰ ਘੋਸ਼ਣਾ ਗ੍ਰਹਿਣ ਕੀਤੀ ਸੀ।(✓)
2. ਸੰਯੁਕਤ ਰਾਸ਼ਟਰ ਨਵੇਂ ਅੰਤਰ ਰਾਸ਼ਟਰੀ ਆਰਥਿਕ ਪ੍ਰਬੰਧ ਦੇ ਪੱਖ ਵਿੱਚ ਨਹੀਂ ਹੈ।(×)

3. ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਮਹਾਂਸਭਾ ਦੇ ਮੈਂਬਰ ਹਨ (✓)
4. ਸੰਯੁਕਤ ਰਾਸ਼ਟਰ ਸੰਘ ਵਿੱਚ ਭਾਰਤ ਦੀ ਪ੍ਰਕਿਮਾ ਸਾਕਾਰਤਮਕ ਰਹੀ ਹੈ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:- ਸੰਯੁਕਤ ਰਾਸ਼ਟਰ ਦੇ ਪੰਜ ਦੇਸ਼ਾ ਦੇ ਨਾਂ ਲਿਖੋ, ਜਿਨ੍ਹਾਂ ਨੂੰ ਵੀਟੋ ਸ਼ਕਤੀ ਪ੍ਰਾਪਤ ਹੈ?
ਉੱਤਰ:- 1. ਅਮਰੀਕਾ 2 ਰੂਸ 3. ਬ੍ਰਿਟੇਨ 4. ਫਰਾਂਸ 5. ਸਮਾਵਾਦੀ ਚੀਨ

ਪ੍ਰਸ਼ਨ:- ਸੰਯੁਕਤ ਰਾਸ਼ਟਰ ਦੀਆਂ ਤਿੰਨ ਵਿਸ਼ਿਸ਼ਟ ਏਜੰਸੀਆਂ ਦੇ ਨਾਂ ਲਿਖੋ?
ਉੱਤਰ:- 1. ਅੰਤਰਰਾਸ਼ਟਰੀ ਮਜ਼ਦੂਰ ਸੰਗਠਨ I.L.O
2. ਵਿਸ਼ਵ ਸਿਹਤ ਸੰਗਠਨ W.H.O
3. ਯੂਨੈਸਕੋ UNESCO ਸੰਯੁਕਤ ਰਾਸ਼ਟਰ ਵਿਦਿਅਕ ਵਿਗਿਆਨਕ ਸਭਿਆਚਾਰਕ ਸੰਗਠਨ

ਪ੍ਰਸ਼ਨ:- ਸੰਯੁਕਤ ਰਾਸ਼ਟਰ ਸੰਘ ਦੇ ਕੋਈ ਦੋ ਉਦੇਸ਼ ਲਿਖੋ?
ਉੱਤਰ:- 1. ਅੰਤਰ ਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣਾ ਅਤੇ ਆਉਣ ਵਾਲੀਆਂ ਨਸਲਾਂ ਨੂੰ ਯੁੱਧ ਦੇ ਭਿਆਨਕ ਕਹਿਰ ਤੋਂ ਬਚਾਉਣਾ।
2. ਅੰਤਰ ਰਾਸ਼ਟਰੀ ਕਾਨੂੰਨ ਅਤੇ ਨਿਆਂ ਦੇ ਸਿਧਾਂਤਾਂ ਅਨੁਸਾਰਅੰਤਰ ਰਾਸ਼ਟਰੀ ਵਿਵਾਦਾਂ ਦਾ ਸ਼ਾਂਤੀਪੂਰਨ ਢੰਗ ਨਾਲ ਹੱਲ ਕਰਨ ਦੇ ਯਤਨ ਕਰਨਾ।

ਪ੍ਰਸ਼ਨ:- ਸੰਯੁਕਤ ਰਾਸ਼ਟਰ ਦੀ ਆਰਥਿਕ ਅਤੇ ਸਮਾਜਿਕ ਪਰਸ਼ਿਦ ਬਾਰੇ ਲਿਖੋ।
ਉੱਤਰ:- ਇਸ ਪਰਿਸ਼ਦ ਦੇ ਕੁੱਲ 54 ਮੈਂਬਰ ਹਨ। ਮੈਂਬਰਾਂ ਦੀ ਚੋਣ ਮਹਾਂਸਭਾ ਦੁਆਰਾ ਤਿੰਨ ਸਾਲ ਦੇ ਸਮੇਂਲਈ ਕੀਤੀ ਜਾਂਦੀ ਹੈ। ਵੱਖ-ਵੱਖ ਦੇਸ਼ਾ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਸਬੰਧੀ ਮਹੱਤਵਪੂਰਨ ਕਾਰਜ ਇਸ ਪਰਸ਼ਿਦ ਦੁਆਰਾ ਕੀਤੇ ਜਾਂਦੇ ਹਨ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ**

ਪ੍ਰਸ਼ਨ:-ਸੰਯੁਕਤ ਰਾਸ਼ਟਰ ਸੰਘ ਕੀ ਹੈ?
ਪ੍ਰਸ਼ਨ:- ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਇਸਦੇ ਮੁੱਖ 6 ਅੰਗ ਕਿਹੜੇ ਹਨ?
ਪ੍ਰਸ਼ਨ:- ਭਾਰਤ ਸੰਸੂਕਤਰਾਸ਼ਟਰ ਦਾ ਮੈਂਬਰ ਕਦੋਂ ਬਣਿਆ?
ਪ੍ਰਸ਼ਨ:- ਸੁਰੱਖਿਆ ਪਰਿਸ਼ਦ ਸੰਯੁਕਤਰਾਸ਼ਟਰ ਸੰਘ ਦਾ ਮੈਂਬਰ ਕਦੋਂ ਰਿਹਾ ਸੀ?

## ਪਾਠ-24
## ਭਾਰਤ ਤੇ ਸਾਰਕ

**ਬਹੁ ਵਿਕਲਪੀ ਪ੍ਰਸ਼ਨ:-**

ਪ੍ਰਸਨ 1. ਸਾਰਕ ਦੀ ਸਥਾਪਨਾ ਕੀਤੀ ਗਈ ਸੀ-

(a) 1980 (c) 1985

(b) 1986 (d) 1990

ਉੱਤਰ:- (C) 1985

ਪ੍ਰਸਨ 2. ਸਾਰਕ ਦੇ ਕੁਲ ਮੈਂਬਰ ਦੇਸ਼ ਹਨ-

(a) 7 (c) 8

(b) 10 (d) 14

ਉੱਤਰ:- (C) 8

ਪ੍ਰਸਨ 3. ਕਿਹੜਾ ਦੇਸ਼ ਸਾਰਕ ਦਾ ਮੈਂਬਰ ਨਹੀਂ ਹੈ-

(a) ਸ੍ਰੀ ਲੰਕਾ (c) ਪਾਕਿਸਤਾਨ

(b) ਬਰਮਾ (d) ਅਫਗਾਨਿਸਤਾਨ

ਉੱਤਰ:- (b) ਬਰਮਾ

ਪ੍ਰਸਨ 4. ਸਾਰਕ ਦਾ ਸਕੱਤਰੇਤ ਕਿਥੇ ਸਥਾਪਤ ਹੈ-

(a) ਕਾਠਮੰਡੂ (c) ਮਾਲੇ

(b) ਦਿੱਲੀ (d) ਕੋਲੰਬੋ

ਉੱਤਰ:- (a) ਕਾਠਮੰਡੂ

ਪ੍ਰਸਨ 5. ਸਾਰਕ ਇੱਕ-

(a) ਵਿਸ਼ਵ ਸੰਸਥਾ ਹੈ (c) ਖੇਤਰੀ ਸੰਸਥਾ ਹੈ

(b) ਅੰਤਰ ਰਾਸਟਰੀ ਸੰਸਥਾ (d) ਸਰਵ ਵਿਆਪਕ ਸੰਸਥਾ

ਉੱਤਰ:- (c) ਖੇਤਰੀ ਸੰਸਥਾ ਹੈ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:-ਸਾਰਕ ਦੇਸ਼ਾਂ ਦਾ ਪਹਿਲਾ ਸਿਖਰ ਸੰਮੇਲਨ ______________ ਵਿੱਚ ਹੋਇਆ।

ਉੱਤਰ:- ਢਾਕਾ

ਪ੍ਰਸ਼ਨ:- ਸਾਰਕ ਵਿੱਚ ਸ਼ਾਮਿਲ ਹੋਣ ਵਾਲਾ ਆਖੀਰੀ ਦੇਸ਼ ਕਿਹੜਾ ਹੈ। ______________

ਉੱਤਰ:- ਅਫਗਾਨਿਸਤਾਨ

ਪ੍ਰਸ਼ਨ:- ਸਾਰਕ ਅੱਤਵਾਦ ਤੇ ਕਾਬੂ ਪਾਉਣ ਵਿੱਚ ਸਫਲ........................ ਹੋਇਆ।

ਉੱਤਰ:- ਨਹੀਂ

ਪ੍ਰਸ਼ਨ:- ਸਾਰਕ........................ ਏਸ਼ੀਆ ਦੇ ਅੱਠ ਦੇਸ਼ਾਂ ਦਾ ਇੱਕ ਸੰਗਠਨ ਹੈ।

ਉੱਤਰ:- ਦੱਖਣੀ

**ਸਹੀ/ਗਲਤ**

1. ਭੂਟਾਨ ਸਾਰਕ ਦਾ ਮੈਂਬਰ ਦੇਸ਼ ਹੈ। (✓)
2. ਚੀਨ ਸਾਰਕ ਦਾ ਮੁੱਢਲਾ ਮੈਂਬਰ ਦੇਸ਼ ਹੈ। (×)
3. ਸਾਰਕ ਦਾ ਪਹਿਲਾ ਸੰਮੇਲਨ ਦਿੱਲੀ ਵਿੱਚ ਹੋਇਆ। (×)
4. ਆਰੰਭ ਵਿਚ ਸਾਰਕ ਦੇ ਕੁਲ ਮੈਂਬਰ 7 ਸਨ। (✓)
5. ਸਾਰਕ ਇਕ ਸੈਨਿਕ ਸੰਧੀ ਹੈ। (×)

**ਸਹੀ ਮਿਲਾਨ ਕਰੋ:-**

(1) 1. ਸਾਰਕ ਦੇਸ਼ → (ੲ) 193

2. ਸੰਯੁਕਤ ਰਾਸ਼ਟਰ ਸੰਘ ਦੇਸ਼ → (ਅ) 08

(2)1. ਸਾਰਕ ਦਾ ਦਫਤਰ → (ੳ) ਨੇਪਾਲ ਦੀ ਰਾਜਧਾਨੀ ਕਾਠਮੰਡੂ

2. ਸੰਯੁਕਤ ਰਾਸ਼ਟਰ ਸੰਘ ਦਾ ਦਫਤਰ → (ਅ) ਨਿਊਯਾਰਕ

(3)1. ਸੰਯੁਕਤ ਰਾਸ਼ਟਰ ਸੰਘ → (ਅ)ਅੰਤਰ ਰਾਸ਼ਟਰੀ ਸੰਗਠਨ

2.ਸਾਰਕ → (ੳ) ਖੇਤਰੀ ਸੰਗਠਨ

(4)1. ਸੰਯੁਕਤ ਰਾਸ਼ਟਰ ਸੰਘ ਦੇ ਮੁੱਢਲੇ ਮੈਂਬਰ → (ਅ) 51

2. ਸਾਰਕ ਦੇ ਮੁਢਲੇ ਮੈਂਬਰ → (ੳ) 7

(5)1. U.N.O. ਦੀ ਸਥਾਪਨਾ → (ਅ) 1945

2. ਸਾਰਕ ਦੀ ਸਥਾਪਨਾ → (ੳ) 1985

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਸਾਰਕ ਦਾ ਪੂਰਾ ਨਾਮ ਕੀ ਹੈ?

ਉੱਤਰ:- ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਘ(South Asia association of Regional co-operation)

ਪ੍ਰਸ਼ਨ:- ਸਾਰਕ ਮੈਂਬਰ ਦੇਸ਼ਾਂ ਦੇ ਨਾਮ ਲਿਖੋ? (3)

ਉੱਤਰ:- ਭਾਰਤ, ਪਾਕਿਸਤਾਨ, ਭੁਟਾਨ, ਸ੍ਰੀ ਲੰਕਾ, ਨੇਪਾਲ, ਬੰਗਲਾ ਦੇਸ਼, ਮਾਲਦੀਵ, ਅਫਗਾਨਿਸਤਾਨ।

ਪ੍ਰਸ਼ਨ:- ਸਾਰਕ ਦੀਆਂ ਦੋ ਪ੍ਰਾਪਤੀਆਂ ਦੱਸੋ?

ਉੱਤਰ: 1. ਦੱਖਣ ਏਸ਼ੀਆਂ ਵਿਕਾਸ ਫੰਡ ਦੀ ਸਥਾਪਨਾ(SADF)

2. ਸਾਰਕ ਦੇਸ਼ ਨੇ ਆਪਸੀ ਵਪਾਰ ਨੂੰ ਵਧਾਉਣ ਲਈ ਇੱਕ ਵਪਾਰਕ ਸਬੰਧੀ ਸਥਾਪਨਾ ਕੀਤੀ ਹੈ।

3. ਤਪਦਿਕ ਦੇ ਰੋਗ ਨੂੰ ਖਤਮ ਕਰਨ ਲਈ ਹਿੱਕ ਤਪਦਿਕ ਕੇਂਦਰ ਦੀ ਸਥਾਪਨਾ ਕੀਤੀ ਹੈ।

ਪ੍ਰਸ਼ਨ:- ਸਾਰਕ ਦਾ ਪਹਿਲਾ ਸੰਮੇਲਨ ਕਿਥੇ ਹੋਇਆ?

ਉੱਤਰ:- ਬੰਗਲਾ ਦੇਸ਼ ਵਿੱਚ

ਪ੍ਰਸ਼ਨ:- ਸਾਰਕ ਦਾ ਮੁੱਖ ਉਦੇਸ਼ ਕੀ ਹੈ?

ਉੱਤਰ:- ਅੱਤਵਾਦ ਦੀ ਸਮੱਸਿਆ ਤੇ ਕਾਬੂ ਪਾਉਣਾ

**(Part-C)**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- 1. ਸਾਫਟਾ ਤੋਂ ਕੀ ਭਾਵ ਹੈ?

ਪ੍ਰਸ਼ਨ:- 2. ਸਾਰਕ ਦੀ ਮਹੱਤਤਾ ਦੱਸੋ?

ਪ੍ਰਸ਼ਨ:- 3. ਸਾਰਕ ਦੇ ਮੁੱਖ ਸਿਧਾਂਤ ਦੱਸੋ?

ਪ੍ਰਸ਼ਨ:- 4. ਸਾਰਕ ਦੀਆਂ ਤਿੰਨ ਸਮੱਸਿਆਵਾਂ ਦੱਸੋ?

ਪ੍ਰਸ਼ਨ:- 5. ਸਾਰਕ ਵਿੱਚ ਭਾਰਤ ਦੀ ਕੀ ਭੂਮਿਕਾ ਹੈ?

## ਪਾਠ-25
## ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਸੰਬੰਧ

**ਬਹੁਵਿਕਲਪੀ ਪ੍ਰਸ਼ਨ**

1. ਭਾਰਤ ਚੀਨ ਯੁੱਧ ਹੋਇਆ ਸੀ-

(ੳ) 1962 (ਅ) 1971

(ੲ) 1950 (ਸ) 1974

ਉੱਤਰ:-(ੳ) 1962

2. ਭਾਰਤ ਸ੍ਰੀ ਲੰਕਾ ਦੀ ਮੁੱਖ ਸੱਮਸਿਆ-

(ੳ) ਗਰੀਬੀ (ਅ) ਵਿਕਾਸ

(ੲ) ਤਾਮਿਲ ਸਮਸਿਆ (ਸ) ਸੈਨਿਕ ਸਮਸਿਆ

ਉੱਤਰ:-(ੲ) ਤਾਮਿਲ ਸਮਸਿਆ

3. ਭਾਰਤ-ਪਾਕ ਵਿਚ ਸਿਮਲਾ ਸਮਝੌਤਾ ਹੋਇਆ-

(ੳ) 1972 (ਅ) 1969

(ੲ) 1999 (ਸ) 1995

ਉੱਤਰ:-(ੳ) 1972

4. 1971 ਨੂੰ ਕਿਹੜਾ ਦੇਸ਼ ਹੋਂਦ ਵਿੱਚ ਆਇਆ-

(ੳ) ਨੇਪਾਲ (ਅ) ਸ੍ਰੀ ਲੰਕਾ

(ੲ) ਮਾਲਦੀਵ (ਸ) ਬੰਗਲਾ ਦੇਸ਼

ਉੱਤਰ:-(ਸ) ਬੰਗਲਾ ਦੇਸ਼

5. ਮੈਕਮੋਹਨ ਰੇਖਾ ਕਿਹੜੇ ਦੋ ਦੇਸ਼ਾਂ ਵਿਚਕਾਰ ਹੈ-

(ੳ) ਭਾਰਤ-ਚੀਨ (ਅ) ਭਾਰਤ-ਨੇਪਾਲ

(ੲ) ਭਾਰਤ-ਸ੍ਰੀ ਲੰਕਾ (ਸ) ਭਾਰਤ-ਪਾਕਿਸਤਾਨ

ਉੱਤਰ : (ੳ) ਭਾਰਤ-ਚੀਨ

**ਖਾਲੀ ਥਾਵਾਂ ਭਰੋ:-**

ਪ੍ਰਸ਼ਨ:- ਨੇਪਾਲ ਦੀ ਵਧੇਰੇ ਜਨਸੰਖਿਆ ____________ ਧਰਮ ਨਾਲ ਸੰਬੰਧ ਰੱਖਦੀ ਹੈ।

ਉੱਤਰ:- ਹਿੰਦੂ

ਪ੍ਰਸ਼ਨ:- ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਵਿਚ ____________ ਦਾ ਹੱਥ ਸੀ।

ਉੱਤਰ:- ਲਿੱਟੇ LTTE

ਪ੍ਰਸ਼ਨ:- 1991 ਨੂੰ ਭਾਰਤ ਪਾਕਿਸਤਾਨ ਦੁਆਰਾ ____________ ਕੀਤੀ ਗਈ।

ਉੱਤਰ:- ਲਾਹੌਰ ਘੋਸ਼ਣਾ

ਪ੍ਰਸ਼ਨ:- ਭਾਰਤ ਪਾਕਿਸਤਾਨ ਦੀ ਮੁੱਖ ਸਮਸਿਆ ____________ ਹੈ।

ਉੱਤਰ:- ਕਸ਼ਮੀਰ

ਪ੍ਰਸ਼ਨ:- ਫਰਾਕਾ ਗੰਗਾ ਪਾਣੀ ਵੰਡ ____________ ਵਿਚਕਾਰ ਹੋਈ।

ਉੱਤਰ:- ਭਾਰਤ-ਬੰਗਲਾਦੇਸ਼

**ਸਹੀ ਮਿਲਾਨ ਕਰੋ:-**

!

(1) (ੳ) ਰੈਡਕਲਿਫ ਰੇਖਾ → (ੳ) ਪਾਕਿਸਤਾਨ

(2) ਮੈਕਮੋਹਨ ਰੇਖਾ → (ਅ) ਚੀਨ

(2) (ੳ) ਭਾਰਤ-ਪਾਕ ਯੁੱਧ → (ਅ) 1971

(2) ਭਾਰਤ-ਚੀਨ ਯੁੱਧ → (ੳ) 1962

(3) (ੳ) ਭਾਰਤ-ਸ੍ਰੀ ਲੰਕਾ ਸਮੱਸਿਆ ——→ (ੳ) ਤਾਮਿਲ
(2) ਭਾਰਤ ਚੀਨ ਸਮੱਸਿਆ ——→ (ਅ) ਸੀਮਾ ਸੰਬੰਧੀ
(4) (ੳ) ਸ਼ਿਮਲਾ ਸਮਝੌਤਾ → (ਅ) 1972
(2) ਤਾਸ਼ਕੰਦ ਸਮਝੌਤਾ → (ੳ) 1966
(5) (ੳ) ਬੰਗਲਾ ਦੇਸ → (ਅ) ਢਾਕਾ
(2) ਪਾਕਿਸਤਾਨ → (ੳ) ਇਸਲਾਮਾਬਾਦ

**ਸਹੀ/ਗਲਤ**

1. ਚੀਨ ਭਾਰਤ ਦਾ ਮਿੱਤਰ ਦੇਸ਼ ਹੈ। (×)
2. ਨੇਪਾਲ ਵਿਚ ਰਾਜਤੰਤਰ ਪਾਇਆ ਜਾਂਦਾ ਹੈ। (×)
3. ਬੰਗਲਾਦੇਸ਼ ਦੀ ਘੁਸਪੈਠ ਦੀ ਸਮੱਸਿਆ ਭਾਰਤ ਲਈ ਖਤਰਾ ਹੈ। (✓)
4. ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ। (✓)
5. ਤਾਮਿਲ ਸਮੱਸਿਆ ਕਰਕੇ ਭਾਰਤ ਸ੍ਰੀ ਲੰਕਾ ਦੇ ਸੰਬੰਧ ਕਾਫੀ ਦੇਰ ਤਕ ਖਰਾਬ ਰਹੇ। (✓)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਪੰਚਸ਼ੀਲ ਤੋਂ ਕੀ ਭਾਵ ਹੈ?

ਉੱਤਰ:- ਭਾਰਤ ਅਤੇ ਚੀਨ ਦੇ ਪ੍ਰਧਾਨ ਮੰਤਰੀਆਂ ਦੇ ਵਿਚਕਾਰ 29 ਅਪ੍ਰੈਲ 1954 ਨੂੰ ਤਿੱਬਤ ਖੇਤਰ ਬਾਰੇ ਹੋਏ ਸਮਝੌਤੇ ਨੂੰ ਪੰਚਸ਼ੀਲ ਕਿਹਾ ਜਾਂਦਾ ਹੈ।

ਪ੍ਰਸ਼ਨ:- 1999 ਦੇ ਕਾਰਗਿਲ ਯੁੱਧ ਬਾਰੇ ਦੱਸੋ।

ਉੱਤਰ:-1999 ਵਿਚ ਪਾਕਿਸਤਾਨੀ ਫੌਜ ਨੇ ਕਾਰਗਿਲ ਦੀਆਂ ਚੋਟੀਆਂ ਤੇ ਆਪਣਾ ਕਬਜਾ ਕਰ ਲਿਆ ਸੀ। ਭਾਰਤ ਦੇ ਵਿਰੋਧ ਦੇ ਬਾਵਜੂਦ ਵੀ ਪਾਕਿਸਤਾਨ ਨੇ ਖੇਤਰ ਖਾਲੀ ਨਹੀਂ ਕੀਤਾ। ਭਾਰਤ ਨੇ ਸੈਨਿਕ ਕਾਰਵਾਈ ਕਰਕੇ ਪਾਕਿ ਨੂੰ ਹਰਾ ਦਿੱਤਾ।

ਪ੍ਰਸ਼ਨ:- L.T.T.E ਕੀ ਹੈ?

ਉੱਤਰ:-ਲਿਬਰੇਸ਼ਨ ਟਾਈਗਰ ਆਫ ਤਾਮਿਲ ਇਲਮ- ਇਕ ਤਾਮਿਲ ਦਾ ਅੱਤਵਾਦੀ ਸੰਗਠਨ ਹੈ।

ਪ੍ਰਸ਼ਨ:- ਕਿਹੜੇ ਦੋ ਦੇਸ਼ਾਂ ਨੇ ਭਾਰਤ ਤੇ ਹਮਲਾ ਕੀਤਾ?

ਉੱਤਰ:- ਚੀਨ ਨੇ 1962 ਵਿੱਚ 1 ਪਾਕਿਸਤਾਨ ਨੇ 1965, 1971 ਵਿੱਚ।

ਪ੍ਰਸ਼ਨ:- ਭਾਰਤ ਨੇਪਾਲ ਸੰਬੰਧਾਂ ਵਿੱਚ ਤਨਾਓ ਦੇ ਕਾਰਨ ਦੱਸੋ?

ਉੱਤਰ:- ਨੇਪਾਲ ਭਾਰਤ ਦੀ ਸੀਮਾ ਖੁੱਲੀ ਹੈ ਜਿਸ ਕਾਰਨ ਨੇਪਾਲ ਕਾਫੀ ਸਮੇਂ ਤੋਂ ਅੱਤਵਾਦੀ ਸਰਗਰਮੀਆਂ ਦੇ ਕੇਂਦਰ ਬਣਿਆ ਹੋਇਆ ਹੈ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ (1) ਭਾਰਤ ਪਾਕਿਸਤਾਨ ਸੰਬੰਧਾਂ ਦਾ ਭਵਿੱਖ ਕੀ ਹੈ?
ਪ੍ਰਸ਼ਨ (2) ਕਸ਼ਮੀਰ ਸਮੱਸਿਆ ਕੀ ਹੈ?
ਪ੍ਰਸ਼ਨ (3) ਭਾਰਤ ਚੀਨ ਸੰਬੰਧਾਂ ਵਿਚ ਆਏ ਸੁਧਾਰਾਂ ਬਾਰੇ ਲਿਖੋ?
ਪ੍ਰਸ਼ਨ (4) ਭਾਰਤ ਨੇਪਾਲ ਸੰਬੰਧਾਂ ਵਿੱਚ ਤਨਾਅ ਦੇ ਕਾਰਨ ਦੱਸੋ?
ਪ੍ਰਸ਼ਨ (5) ਸ੍ਰੀ ਲੰਕਾ ਦੇ ਤਾਮਿਲਾ ਦੀ ਕੀ ਸਮੱਸਿਆ ਹੈ?

## ਪਾਠ–26
## ਭਾਰਤ ਦੇ ਅਮਰੀਕਾ ਤੇ ਰੂਸ ਨਾਲ ਸੰਬੰਧ

**ਬਹੁਵਿਕਲਪੀ ਪ੍ਰਸ਼ਨ:**

ਪ੍ਰਸ਼ਨ:–ਭਾਰਤ ਅਮਰੀਕਾ ਪ੍ਰਮਾਣੂ ਸੰਧੀ ਕਦੋਂ ਹੋਈ?

(a) 2005 (b) 2006
(c) 2010 (d) 2009

ਉੱਤਰ:–(b) 2006

ਪ੍ਰਸ਼ਨ:–ਸੋਵੀਅਤ ਸੰਘ (ਰੂਸ) ਕਦੋਂ ਟੁੱਟਿਆ–

(a) 1990 (b)1991
(c) 1992 (d) 1994

ਉੱਤਰ:–(b)1991

ਪ੍ਰਸ਼ਨ:–ਭਾਰਤ ਨੇ ਦੂਜਾ ਪ੍ਰਮਾਣੂ ਧਮਾਕਾ ਕਦੋਂ ਕੀਤਾ–

(a) 1977 (b) 1998
(c) 2004 (d) 2010

ਉੱਤਰ:–(b) 1998

ਪ੍ਰਸ਼ਨ:– ਦੂਜੇ ਸੰਸਾਰ ਯੁੱਧ ਤੋਂ ਬਾਦ ਸੰਸਾਰ ਕਿੰਨੇ ਸ਼ਕਤੀ ਗੁੱਟਾਂ ਵਿਚ ਵੰਡਿਆ ਗਿਆ–

(a) 1 (b) 2
(c) 3 (d) 4

ਉੱਤਰ:–(b) 2

ਪ੍ਰਸ਼ਨ:–ਅਕਤੂਬਰ 2017 ਵਿਚ ਭਾਰਤ ਰੂਸ ਕਿਹੜੇ ਸਾਂਝੇ ਅਭਿਆਸ ਹੋਏ–

(a) ਸੈਨਿਕ (b) ਪ੍ਰਮਾਣੂ
(c) ਸੀਮਾ ਵਿਵਾਦ (d) ਉਪਰ ਦਿਤੇ ਸਾਰੇ

ਉੱਤਰ:– (a) ਸੈਨਿਕ

**ਖਾਲੀ ਥਾਵਾਂ ਭਰੋ:**

ਪ੍ਰਸ਼ਨ:– ਅਮਰੀਕਾ ਭਾਰਤ ਦੀ ____________ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ।
ਉੱਤਰ:– ਗੁੱਟ ਨਿਰਲੇਪਤਾ

ਪ੍ਰਸ਼ਨ:– ਅੱਜ ਭਾਰਤ ਦੇ ਅਮਰੀਕਾ ਤੇ ਰੂਸ ਨਾਲ ____________ ਸੰਬੰਧ ਹਨ।
ਉੱਤਰ:– ਮਿੱਤਰਤਾ ਵਾਲੇ

ਪ੍ਰਸ਼ਨ:– ਕਸ਼ਮੀਰ ਸਮੱਸਿਆ ਤੇ ਰੂਸ ਨੇ ਹਮੇਸ਼ਾ ____________ ਦਾ ਸਮਰਥਨ ਕੀਤਾ।
ਉੱਤਰ:– ਭਾਰਤ

ਪ੍ਰਸ਼ਨ:– 1971 ਭਾਰਤ–ਪਾਕਿ ਯੁੱਧ ਵਿੱਚ ਅਮਰੀਕਾ ਨੇ ____________ ਦਾ ਸਾਥ ਦਿੱਤਾ।
ਉੱਤਰ:– ਪਾਕਿਸਤਾਨ

ਪ੍ਰਸ਼ਨ:– ਬਰਾਕ ਉਬਾਮਾ ਦੁਆਰਾ ਭਾਰਤ ਨੂੰ ________ ਦਾ ਸਥਾਈ ਮੈਂਬਰ ਬਣਾਏ ਜਾਣ ਦਾ ਸਮਰਥਨ ਕੀਤਾ।
ਉੱਤਰ:–ਸੁਰਖਿਆ ਪਰੀਸ਼ਦ

**ਸਹੀ ਮਿਲਾਨ ਕਰੋ:–**

| | | |
|---|---|---|
| 1. | (ੳ) ਭਾਰਤ ਦੁਆਰਾ ਪਹਿਲਾ ਪ੍ਰਮਾਣੂ ਪਰੀਖਣ | (ੳ) 1998 |
| | (ਅ) ਭਾਰਤ ਦੁਆਰਾ ਦੂਜਾ ਪ੍ਰਮਾਣੂ ਪ੍ਰੀਖਣ | (ਅ) 1974 |
| 2. | (ੳ) ਪ੍ਰਮਾਣੂ ਸੰਧੀ ਭਾਰਤ ਅਮਰੀਕਾ ਵਿੱਚ | (ੳ) 2006 |

(ਅ) ਬਰਾਕ ਉਬਾਮਾ ਦੀ ਭਾਰਤ ਯਾਤਰਾ → (ਅ) 2010

3. (ੳ)ਸੋਵੀਅਤ ਸੰਘ ਦਾ ਟੁੱਟਣਾ → (ਅ) 1991
(ਅ) ਭਾਰਤ ਪਾਕ ਲਾਹੌਰ ਘੋਸ਼ਣਾ → (ੳ) 1999

4. (ੳ) ਭਾਰਤ ਨੇ ਹਸਤਾਖਰ ਨਹੀਂ ਕੀਤੇ → (ਅ) C.T.B.T.
(ਅ) ਭਾਰਤ ਨੇ ਹਸਤਾਖਰ ਕੀਤੇ ਹਨ। → (ੳ)123 ਪ੍ਰਮਾਣੂ ਸਮਝੌਤਾ

5. (ੳ) ਬਿੱਲ ਕਲਿੰਟਨ ਦੀ ਭਾਰਤ ਯਾਤਰਾ → (ਅ) 2000
(ਅ) ਬਰਾਕ ਉਬਾਮਾ ਦੀ ਭਾਰਤ ਯਾਤਰਾ → (ੳ) 2010

**ਸਹੀ/ਗਲਤ**

1. ਵਰਤਮਾਨ ਸਮੇਂ ਵਿੱਚ ਭਾਰਤ ਇਕ ਵਿਸ਼ਵ ਸ਼ਕਤੀ ਦੇ ਰੂਪ ਵਿੱਚ ਉਭਰ ਰਿਹਾ ਹੈ। (✓)
2. ਭਾਰਤ ਚੀਨ ਯੁੱਧ ਵਿਚ (1962) ਰੂਸ ਨੇ ਭਾਰਤ ਦਾ ਸਮਰਥਨ ਕੀਤਾ। (×)
3. ਅਮਰੀਕਾ ਦੇ ਬਹੁਤ ਜ਼ੋਰ ਦੇਣ ਦੇ ਬਾਵਜੂਦ ਭਾਰਤ ਨੇ ਪ੍ਰਮਾਣੂ ਸੰਧੀਆਂ ਤੇ ਹਸਤਾਖਰ ਨਹੀਂ ਕੀਤੇ। (✓)
4. ਭਾਰਤ ਵਾਰਸਾ ਸਮਝੌਤੇ ਦਾ ਮੈਂਬਰ ਸੀ। (×)
5. C.T.B.T ਬਾਰੇ ਭਾਰਤ ਅਮਰੀਕਾ ਵਿਚ ਕੋਈ ਮਤਭੇਦ ਨਹੀਂ। (×)

**ਛੋਟੇ ਉੱਤਰਾਂ ਵਾਲੇ ਉੱਤਰ:-**

ਪ੍ਰਸ਼ਨ:- ਭਾਰਤ ਰੂਸ ਦੋਸਤੀ ਦੇ ਦੋ ਕਾਰਨ ਦੱਸੋ?

ਉੱਤਰ:-ਭਾਰਤ ਰੂਸ ਸ਼ੁਰੂ ਤੋਂ ਦੋਸਤ ਰਹੇ ਹਨ। ਆਪਸੀ ਵਪਾਰ, ਆਰਥਿਕ ਖੇਤਰ ਵਿੱਚ ਸਹਿਯੋਗ ਦਿੰਦੇ ਹਨ। ਦੋਵੇਂ ਦੇਸ਼ ਇਕ ਦੂਜੇ ਦੇ ਅੰਦਰੂਨੀ ਮਸਲਿਆਂ ਵਿੱਚ ਦਖਲ ਨਹੀਂ ਦਿਤੇ।

ਪ੍ਰਸ਼ਨ:- ਭਾਰਤ ਅਮਰੀਕਾ ਪ੍ਰਮਾਣੂ ਸਮਝੌਤਾ ਕੀ ਹੈ?

ਉੱਤਰ:- ਅਕਤੂਬਰ 2008 ਨੂੰ 1,2,3 ਬਿੱਲ ਪਾਸ ਕਰਕੇ ਅਮਰੀਕਾ ਨੇ ਭਾਰਤ ਨੂੰ ਅਸੈਨਿਕ ਖੇਤਰ ਵਿੱਚ ਊਰਜਾ ਦੀ ਪੂਰਤੀ ਲਈ ਪ੍ਰਮਾਣੂ ਪਦਾਰਥ ਦੇਣ ਦਾ ਵਾਅਦਾ ਕੀਤਾ।

ਪ੍ਰਸ਼ਨ:- 1971 ਭਾਰਤ ਪਾਕਿ ਯੁੱਧ ਵਿਚ ਰੂਸ ਦਾ ਕੀ ਦ੍ਰਿਸਟੀਕੋਣ ਸੀ?

ਉੱਤਰ:-1971 ਦੇ ਭਾਰਤ ਪਾਕਿ ਯੁੱਧ ਵਿੱਚ ਰੂਸ ਨੇ ਭਾਰਤ ਦੀ ਸਹਾਇਤਾ ਕੀਤੀ। ਦੋਹਾਂ ਦੇਸ਼ਾਂ ਦੇ ਸੰਬੰਧ ਜਿਆਦਾ ਮਜਬੂਤ ਹੋਏ।

ਪ੍ਰਸ਼ਨ:- ਅਮਰੀਕਾ ਦਾ ਗੁੱਟ ਨਿਰਲੇਪਤਾ ਪ੍ਰਤੀ ਕੀ ਦ੍ਰਿਸ਼ਟੀਕੋਣ ਸੀ?

ਉੱਤਰ:- ਅਮਰੀਕਾ, ਭਾਰਤ ਦੀ ਇਸ ਨੀਤੀ ਨੂੰ ਪਸੰਦ ਨਹੀਂ ਕਰਦਾ ਕਿਉਂਕਿ ਅਮਰੀਕਾ ਸ਼ੁਰੂ ਤੋਂ ਚਾਹੁੰਦਾ ਸੀ ਕਿ ਭਾਰਤ ਉਸ ਦੇ ਗੁੱਟ ਦਾ ਮੈਂਬਰ ਬਣੇ।

ਪ੍ਰਸ਼ਨ:- ਸੋਵੀਅਤ ਸੰਘ ਭੰਗ ਹੋਣ ਦਾ ਭਾਰਤ-ਰੂਸ ਸੰਬੰਧਾਂ ਤੇ ਕੀ ਅਸਰ ਹੋਇਆ ਹੈ।

ਉੱਤਰ:-ਸੋਵੀਅਤ ਸੰਘ ਭੰਗ ਹੋਣ ਨਾਲ ਦੋਹਾਂ ਦੇਸ਼ਾਂ ਵਿੱਚ ਆਪਸੀ ਰਿਸ਼ਤੇ ਹੋਰ ਵੀ ਮਜਬੂਤ ਹੋਏ ਹਨ। ਵਪਾਰ ਤੇ ਆਪਸੀ ਸਹਿਯੋਗ ਵਿਚ ਵਾਧਾ ਹੋਇਆ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਭਾਰਤ ਅਮਰੀਕਾ ਸੰਬੰਧਾ ਵਿੱਚ ਸਕਾਰਾਤਮਕ ਮੋੜ ਲਈ ਦੋ ਕਾਰਨ ਦਸੋ।

ਪ੍ਰਸ਼ਨ:- ਭਾਰਤ ਰੂਸ ਸੰਬੰਧਾਂ ਦੇ ਜਿੰਮੇਵਾਰ ਕਾਰਨ ਦਸੋ?

ਪ੍ਰਸ਼ਨ:- ਭਾਰਤ ਅਮਰੀਕਾ ਸਬੰਧਾਂ ਤੇ ਕਿਹੜੀਆਂ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ?

ਪ੍ਰਸ਼ਨ:- 1971 ਦੀ ਭਾਰਤ ਸੋਵੀਅਤ ਸੰਘ ਸੰਧੀ ਦੀਆਂ ਵਿਸ਼ੇਸ਼ਤਾਵਾਂ ਲਿਖੋ?

ਪ੍ਰਸ਼ਨ:- ਭਾਰਤ ਅਮਰੀਕਾ ਸੰਬੰਧਾਂ ਦਾ ਭਵਿੱਖ ਕੀ ਹੈ? (4)

## ਪਾਠ–27
## ਭਾਰਤ ਦਾ ਸੰਸਾਰ ਦੇ ਮੁੱਖ ਮੁੱਦਿਆਂ ਪ੍ਰਤੀ ਦ੍ਰਿਸ਼ਟੀਕੋਣ

**ਬਹੁ-ਵਿਕਲਪੀ ਪ੍ਰਸ਼ਨ:**

1. ਸਾਰਾ ਸੰਸਾਰ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਕਦੋਂ ਮਨਾਉਂਦਾ ਹੈ?
   (a) 10 ਦਸੰਬਰ (b) 12 ਦਸੰਬਰ
   (c) 25 ਦਸੰਬਰ (d) 31 ਨਵੰਬਰ

ਉੱਤਰ:–10 ਦਸੰਬਰ

2. ਭਾਰਤ ਨੂੰ ਵਿਸ਼ਵੀਕਰਣ ਦਾ ਕੀ ਨੁਕਸਾਨ ਹੋਇਆ ਹੈ–
   (a) ਸੇਵਾਂਵਾਂ ਦਾ ਮਹਿੰਗਾ ਹੋਣਾ (b) ਭਾਰਤੀ ਮਾਲ ਦੀ ਮੰਗ ਘਟਣਾ
   (c) ਨਵੀਂ ਤਕਨੀਕ ਕਾਰਣ ਬੇਰੁਜਗਾਰੀ ਵਿੱਚ ਵਾਧਾ (d) ਉਪਰੋਕਤ ਸਾਰੇ
   (d) ਉੱਤਰ:–ਉਪਰੋਕਤ ਸਾਰੇ

3. ਭਾਰਤ ਵਿੱਚ ਨਵੀਂ ਉਦਯੋਗਿਕ ਨੀਤੀ ਕਦੋਂ ਲਾਗੂ ਹੋਈ–
   (a) 1991 (b) 1990
   (c) 1998 (d) ਸਾਰੇ

ਉੱਤਰ:–1991

4. ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਮੈਂਬਰਾਂ ਦੀ ਨਿਯੁਕਤੀ ਕੌਣ ਕਰਦਾ ਹੈ–
   (a) ਰਾਸ਼ਟਰਪਤੀ (b) ਉਪਰਾਸ਼ਟਰਪਤੀ
   (c) ਪ੍ਰਧਾਨ ਮੰਤਰੀ (d) ਲੋਕ ਸਭਾ ਦਾ ਸਪੀਕਰ

ਉੱਤਰ:– ਰਾਸ਼ਟਰਪਤੀ

5. U.N.O. ਦੁਆਰਾ ਨਿਸ਼ਸ਼ਤਰੀਕਰਨ ਆਯੋਗ ਦਾ ਗਠਨ ਕੀਤਾ ਗਿਆ–
   (a) 1952 (b) 1954
   (c) 1956 (d) 1958

ਉੱਤਰ:–1952

**ਖਾਲੀ ਥਾਵਾਂ ਭਰੋ:**

ਪ੍ਰਸ਼ਨ:–ਭਾਰਤ ਨੇ C.T.B.T. ਤੇ ਹਸਤਾਖਰ------ਕੀਤੇ।

ਉੱਤਰ:–ਨਹੀਂ

ਪ੍ਰਸ਼ਨ:–ਬਿਜਲੀਕਰਨ ਕਾਰਣ ਭਾਰਤੀ ਉਦਯੋਗਾਂ ਵਿੱਚ ਤਿਆਰ ਹੋ ਰਹੇ ਮਾਲ ਦੀ ......................... ਵਿੱਚ ਸੁਧਾਰ ਆਇਆ ਹੈ।

ਉੱਤਰ:– ਗੁਣਵੱਤਾ(Quality)

ਪ੍ਰਸ਼ਨ:– W.T.O. ਦਾ ਮੁੱਖ ਦਫਤਰ ____________ ਹੈ।

ਉੱਤਰ:–ਜਨੇਵਾ(ਸਵਿਟਜਰਲੈਂਡ)

ਪ੍ਰਸ਼ਨ:–ਸੰਸਾਰ ਵਿੱਚ ____________ਨੂੰ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ।

ਉੱਤਰ:– 10 ਦਸੰਬਰ

ਪ੍ਰਸ਼ਨ:–U.N.O. ਨੇ ਨਿਸ਼ਸ਼ਤਰੀਕਰਨ ਆਯੋਗ ____________ ਵਿਚ ਬਣਾਇਆ।

ਉੱਤਰ:– 1952

**ਸਹੀ ਮਿਲਾਨ ਕਰੋ**

1. (ੳ)ਮਨੁੱਖੀ ਅਧਿਕਾਰ ਦਿਵਸ → (ੳ) 1998
   (ਅ)ਭਾਰਤ ਵਿੱਚ ਮਨੁੱਖੀ ਅਧਿਕਾਰ ਕਾਨੂੰਨ → (ਅ) 10 ਦਸੰਬਰ
2. (ੳ)ਵਿਸ਼ਵੀਕਰਨ → (ੳ) ਸਮਰਾਜਵਾਦ
   (ਅ) ਨਿਸ਼ਸ਼ਤਰੀਕਰਨ → (ਅ)ਪ੍ਰਮਾਣੂ ਹਥਿਆਰਾਂ ਤੇ ਰੋਕ ਲਗਾਉਣਾ

3. (ੳ)ਨਿਸ਼ਸ਼ਤਰੀਕਰਨ ਆਯੋਗ ⟶ (ੳ) 1952
(ਅ) ਰਾਸ਼ਟਰੀ ਮਹਿਲਾ ਆਯੋਗ ⟶ (ਅ) 1992
4. (ੳ) ਵਿਸ਼ਵੀਕਰਨ ਜਰੂਰੀ ਹੈ। ⟶ (ਅ) ਦੇਸ਼ਾਂ ਦੇ ਆਪਸੀ ਵਿਕਾਸ ਲਈ
(ਅ) ਨਿਸ਼ਸ਼ਤਰੀਕਰਨ ਜਰੂਰੀ ਹੈ। ⟶ (ੳ) ਪ੍ਰਮਾਣੂ ਹਥਿਆਰਾਂ ਤੇ ਰੋਕ ਲਾਉਣਾ
5. (ੳ) 1, 2, 3 ਪ੍ਰਮਾਣੂ ਸੰਧੀ ⟶ (ੳ) ਅਸੈਨਿਕ ਸੰਧੀ
(ਅ) ਬਿਜਲੀਕਰਣ ⟶ (ਅ) ਪੂੰਜੀ ਤਕਨੀਕ ਅਤੇ ਵਿਗਿਆਨ ਦਾ ਬਿਨਾਂ ਰੋਕਟੋਕ ਵਹਾਓ

**ਸਹੀ/ਗਲਤ**

1. ਭਾਰਤ ਵਿੱਚ ਮਨੁੱਖੀ ਅਧਿਕਾਰਾਂ ਨੂੰ ਕਈ ਖਤਰੇ ਹਨ।(✓)
2. ਭਾਰਤ ਵਿੱਚ ਨਿਆਂਪਾਲਿਕਾ ਅਧਿਕਾਰਾਂ ਦੀ ਪਹਿਰੇਦਾਰ ਵਜੋਂ ਕੰਮ ਕਰ ਰਹੀ ਹੈ।(✓)
3. ਭਾਰਤ W.T.O. ਦਾ ਮੈਂਬਰ ਹੈ।(✓)
4. ਪ੍ਰਮਾਣੂ ਸ਼ਕਤੀ ਦੀ ਵਰਤੋਂ ਭਾਰਤ ਸ਼ਾਂਤੀ ਉਦੇਸ਼ਾਂ ਲਈ ਕਰਨੀ ਚਾਹੁੰਦਾ ਹੈ।(✓)
5. ਨਿਸ਼ਸ਼ਤਰੀਕਰਨ ਭਾਰਤ ਦੀ ਵਿਦੇਸ਼ੀ ਨੀਤੀ ਦਾ ਹਿੱਸਾ ਨਹੀਂ ਹੈ।(×)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਮਨੁੱਖੀ ਅਧਿਕਾਰਾਂ ਤੋਂ ਤੁਹਾਡਾ ਕੀ ਭਾਵ ਹੈ?
ਉੱਤਰ:-ਮਨੁੱਖੀ ਅਧਿਕਾਰ ਉਹ ਸਹੂਲਤਾਂ ਹਨ ਜਿਨ੍ਹਾਂ ਨਾਲ ਵਿਅਕਤੀ ਆਪਣਾ ਸਰਵਪੱਖੀ ਵਿਕਾਸ ਕਰਦਾ ਹੈ।
ਪ੍ਰਸ਼ਨ:- ਵਿਸ਼ਵੀਕਰਨ ਤੋਂ ਕੀ ਭਾਵ ਹੈ?
ਉੱਤਰ:-ਵੱਖ ਵੱਖ ਦੇਸ਼ਾਂ ਦੀ ਅਰਥ ਵਿਵਸਥਾ ਨੂੰ ਵਿਸ਼ਵ ਮੰਡੀ ਵਿੱਚ ਬਦਲਣਾ ਆਰਥਿਕ ਆਦਾਨ-ਪ੍ਰਦਾਨ ਦੀਆਂ ਪਾਬੰਧੀਆਂ ਹਟਾਉਣੀਆਂ।
ਪ੍ਰਸ਼ਨ:- ਨਿਸ਼ਸ਼ਤਰੀਕਰਨ ਤੋਂ ਕੀ ਭਾਵ ਹੈ?
ਉੱਤਰ:- ਪ੍ਰਮਾਣੂ ਹਥਿਆਰਾਂ ਤੇ ਰੋਕ ਲਗਾਉਣਾ।
ਪ੍ਰਸ਼ਨ:- ਭਾਰਤ ਨੇ C.T.B.T ਤੇ ਹਸਤਾਖਰ ਕਿਉਂ ਨਹੀਂ ਕੀਤੇ?
ਉੱਤਰ:- ਭਾਰਤ ਸਮਝਦਾ ਹੈ ਕਿ ਇਹ ਸੰਧੀ ਪੱਖਪਾਤੀ ਹੈ।
ਪ੍ਰਸ਼ਨ:- ਭਾਰਤ ਵਿੱਚ ਮਨੁੱਖੀ ਅਧਿਕਾਰਾਂ ਨੂੰ ਦੋ ਖਤਰੇ ਦਸੋ?
ਉੱਤਰ:- ਭਾਰਤ ਦੀ ਸੁਰੱਖਿਆ ਲਈ ਬਣਾਏ ਗਏ ਕਾਨੂੰਨਾਂ ਦਾ ਦੁਰਉਪਯੋਗ ਗਰੀਬੀ ਤੇ ਅਨਪੜ੍ਹਤਾ ਸੁਰੱਖਿਆ ਬਲਾਂ ਦੁਆਰਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ:-**

ਪ੍ਰਸ਼ਨ:- ਨਿਸ਼ਸ਼ਤਰੀ ਕਰਨ ਦੀ ਲੋੜ ਕਿਉਂ ਹੈ?
ਪ੍ਰਸ਼ਨ:- ਵਿਸ਼ਵੀਕਰਨ ਦੀਆਂ ਦੋ ਵਿਸ਼ੇਸ਼ਤਾਵਾਂ ਦੱਸੋ?
ਪ੍ਰਸ਼ਨ:- ਭਾਰਤੀ ਸੰਸਕ੍ਰਿਤੀ ਨੂੰ ਵਿਸ਼ਵੀਕਰਨ ਨੇ ਕਿਵੇਂ ਪ੍ਰਭਾਵਿਤ ਕੀਤਾ ਹੈ?
ਪ੍ਰਸ਼ਨ:- ਕੋਈ ਚਾਰ ਮਨੁੱਖੀ ਅਧਿਕਾਰਾਂ ਦੇ ਨਾਮ ਦਸੋ?
ਪ੍ਰਸ਼ਨ:- ਭਾਰਤ ਦੁਆਰਾ ਵਿਸ਼ਵੀਕਰਨ ਦੇ ਬਾਰੇ ਚੁੱਕੇ ਗਏ ਦੋ ਕਦਮ ਦਸੋ?

Coordinated by